(2)

੧ੴ ਸਤਿਗੁਰ ਪ੍ਰਸਾਦਿ ॥

"ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥"




ਸਤਿਗੁਰ ਪ੍ਰਸਾਦਿ

## ਭਾਈ ਗੁਰਦਾਸ ਜੀ ਵਾਰ ੧੩ ਪਉੜੀ ੬

ਗੁੰਗਾ[1] ਸਾਦੂ ਨ ਆਖਣੀ ਜਿਹਬਾ ਮੂਹ ਖਾਲੀ[2] ॥
ਮੂਹੁ ਸੁਣੀਐ ਜਿਉਂ ਬੋਲੀਐ ਕੰਨ ਸ਼ੋਭ ਕਸਾਲੀ ॥
ਘਟੂ ਸੁਰਤਿ ਸਿਮਰਣ ਉਲੰਘਿ ਨਹਿ ਨਦਰਿ ਨਿਹਾਲੀ[3] ॥
ਪੰਥੁ ਕੁਪੰਥੁ[4] ਨ ਸੁਝਈ ਅਲਮਸਤ ਖਿਆਲੀ ॥
ਗਾਮਣ ਭਾਲ ਸੁਣਾਲ[5] ਹੀ ਗੁਰਮਤਿ ਨਿਰਾਲੀ ॥
ਚਲਿਆ ਜੰਗ ਨ ਲਕਣੀ ਢਹਿ ਜੀਣ ਸੁਣਾਲੀ[6] ॥

੧. ਬੋਲਣੋਂ ਰਹਤ। ੨. ਨਾਮ ਤੋਂ ਸਖਣਾ। ੩. ਨਾਮ ਤੋਂ ਬਿਨਾ ਉਹ ਜੀਵ ਕੁਝ ਕਰੀਂ ਵੇਖਦੀ।
੪. ਰਾਹ ਕੁਰਾਹ। ੫. ਸੁਜਣੀ। ੬. ਜਿਰੀ ਦਾ ਸੂਕਾ।

ਕ

੧੯੭੮

www.AKJ.Org

# ਲੇਖ ਸੂਚੀ


| ਲੇਖ | ਲੇਖਕ | |
|---|---|---|
| ੧. ਸ਼ਬਦ | | |
| ੨. ਅਕਾਲ ਪੁਰਖ ਦਾ ਦਰਸ ਮਿਲਾਪ | ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | |
| ੩. ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਨਿਸ਼ਕਾਮ ਭਗਤੀ | ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ | 1 |
| ੪. ਪੰਚਮ ਸਤਿਗੁਰੂ ਜੀ ਦੀ ਸ਼ਹਾਦਤ | ਪ੍ਰੋ: ਪ੍ਰਕਾਸ਼ ਸਿੰਘ ਜੀ | 2 |
| ੫. ਸਤਿਗੁਰੂ ਫੁਰਮਾਇਆ | ਪ੍ਰੋ: ਹਰਬੰਸ ਸਿੰਘ ਜੀ | 2 |
| ੬. ਸ਼ਹੀਦਾਂ ਦੇ ਸਿਰਤਾਜ | ਸ: ਸੇਵਾ ਸਿੰਘ ਸੇਵਕ ਤਰਨਤਾਰਨ | |
| ੭. ਸਿਖੀ ਸਿਖਿਆ ਗੁਰ ਵਿਚਾਰ | ਭਾਈ ਹਰਭਜਨ ਸਿੰਘ ਜੀ | |
| ੮. ਬਾਹਰ-ਮੁਖੀ ਚਿਨ | ਭਾਈ ਬਿਸ਼ਨ ਸਿੰਘ ਜੀ | |
| ੯. ਹੋਮ ਕੁੱਟ ਮਿਸ਼ਨ | ਭਾਈ ਹਰਿਚਰਨ ਸਿੰਘ ਜੀ | |


---


ਚੌਹਾਨ ਪ੍ਰਿੰਟਿੰਗ ਪ੍ਰੈਸ, ਕਿਲਾ ਬਾਜਾਰ, ਜਲੰਧਰ ਤੋਂ ਛਪਵਾ ਕੇ ਦਲਜੀਤ ਸਿੰਘ ਐਡੀਟਰ ਤੇ
ਸਰਬ ਹਿੰਦ ਅਖੰਡ ਕੀਰਤਨੀ ਜਥੇ ਲਈ 305 L ਮਾਡਲ ਟਾਊਨ ਜਲੰਧਰ ਤੋਂ ਪ੍ਰਕਾਸ਼ਤ


www.AKJ.Org

ੴ

ਐਡੀਟਰ
ਦਲਜੀਤ ਸਿੰਘ

# ਸੂਰਾ

ਸਾਲਾਨਾ ਚੰਦਾ
ਦੇਸ 6 ਰੁਪਏ
ਪ੍ਰਦੇਸ ਸਮੁੰਦਰ 15 , ,

## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਦਾ ਗੁਰਮਤਿ ਮਾਸਕ ਪੱਤਰ

ਜਿਲਦ ੬) ੧ ਜੂਨ, ੧੯੭੨ [ਅੰਕ ੫

### ਨਟ ਨਾਰਾਇਨ ਮਹਲਾ ੫ ਦੁਪਦੇ

ਉਲਾਹਨੋ ਮੈ ਕਾਹੂ ਨ ਦੀਓ ॥
ਮਨ ਮੀਠ ਤੁਹਾਰੋ ਕੀਓ ॥ ੧ ॥ ਰਹਾਉ ॥
ਆਗਿਆ ਮਾਨਿ ਜਾਨਿ ਸੁਖੁ ਪਾਇਆ , ਸੁਨਿ ਸੁਨਿ ਨਾਮੁ ਤੁਹਾਰੋ ਜੀਓ ॥
ਈਹਾਂ ਊਹਾਂ ਹਰਿ ਤੁਮਹੀ ਤੁਮਹੀ, ਇਹੁ ਗੁਰ ਤੇ ਮੰਤ੍ਰੁ ਦ੍ਰਿੜੀਓ ॥੧॥
ਜਬ ਤੇ ਜਾਨਿ ਪਾਈ ਏਹ ਬਾਤਾ ਤਬ ਕੁਸਲ ਖੇਮ ਸਭ ਥੀਓ ॥
ਸਾਧ ਸੰਗਿ ਨਾਨਕ ਪਰਗਾਸਿਓ ਆਨ ਨਾਹੀ ਰੇ ਬੀਓ ॥੨॥੨॥

www.AKJ.Org

# ਅਕਾਲ ਪੁਰਖ ਦਾ ਦਰਸ ਮਿਲਾਪ

—ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਤਿਨ੍ਹਾਂ ਨੂੰ ਤ੍ਰਿਭਵਣ ਸਾਰੇ ਵਿਖੇ ਹੀ ਜੋਤਿ ਸਬਾਇੜੀ ਹੀ ਪਰਦੀਪਤ ਹੋਈ ਦਿਸਦੀ ਹੈ। ਐਸੀ ਜੋਤਿ ਸਬਾਇੜੀ ਗੁਰਮੁਖ ਜਗਿਆਸੂ ਨੂੰ ਪ੍ਰਭੂ ਘਟ ਘਟ ਅੰਦਰਿ ਰਵ ਰਹਿਆ ਨਜ਼ਰੀ ਆਉਣ ਲਗ ਪੈਂਦਾ ਹੈ। ਉਹ ਨਾਇਕ ਸੁਆਮੀ ਜੋ ਅਲੱਖ ਹੈ ਹੋਰ ਕਿਤ ਬਿਧ ਭੀ ਲਖਿਆ ਨਹੀਂ ਜਾ ਸਕਦਾ, ਜੋ ਅਪਾਰ ਹੈ ਜਿਸਦਾ ਪਾਰਾਵਾਰ ਹੋਰ ਕਿਵੇਂ ਭੀ ਨਹੀ ਪਾਇਆ ਜਾ ਸਕਦਾ ਸੋ ਘਟ ਘਟ ਅੰਦਰ ਜਗਨ ਜੋਤੀ ਹੋ ਕੇ ਸਮਾ ਰਹਿਆ ਪਰਤੱਖ ਦਿਸ ਰਿਹਾ ਹੁੰਦਾ ਹੈ। ਨਾ ਕੇਵਲ ਆਪਣੇ ਘਟ ਅੰਦਰ ਹੀ ਬਲਕਿ ਦੂਜਿਆਂ ਦੇ ਘਟਾਂ ਅੰਦਰ ਭੀ ਜੋਤ ਪਰਗਾਸਿਆ ਹੋਇਆ ਦ੍ਰਿਸ਼ਟ ਗੋਚਰ ਹੁਇ ਆਵੰਦਾ ਹੈ। ਇਹ ਅਲਖ ਅਪਾਰ ਸਿਰਜਨ ਹਾਰਾ ਅਪਰੰਪਰ ਸੁਆਮੀ ਪ੍ਰਮੇਸ਼ਰ ਸ਼ਬਦ ਦੀਪਕੀ ਗੁਰਸਿਖਾਂ ਨੂੰ ਘਟ ਅੰਦਰ ਹੀ ਜੱਫੀਆਂ ਪਾਇਕੇ ਆਣ ਮਿਲਦਾ ਹੈ। ਪਰ ਮਿਲਦਾ ਤਦ ਹੈ ਜਦੋਂ ਨਾਮ ਅਭਿਆਸ ਕਮਾਈ ਏਤਨੀ ਪ੍ਰਬਲ ਦਸ਼ਾ ਵਿਚ ਅਰੂੜਤ ਹੋ ਜਾਂਦੀ ਹੈ ਕਿ ਨਿਜ ਦੇਹ ਅਧਿਆਸ ਦੂਰ ਹੋ ਕੇ ਆਪਾ ਉੱਕਾ ਹੀ ਮਾਰਿਆ ਮਸਲਿਆ ਜਾਂਦਾ ਹੈ । ਬਸ, ਇਉਂ ਆਪਾ ਮਾਰਨ ਹਾਰਿਆਂ ਸ਼ਬਦ ਕਮਾਊਆਂ ਨੂੰ ਹੀ ਅੰਤਰਿ ਆਤਮੇ ਆ ਮਿਲਦਾ ਹੈ ਸ਼ਬਦ ਕਮਾਈ ਦੁਆਰਾ। ਐਥੋਂ ਤਾਈਂ ਇਹ ਰੋਗ ਹਉਮੀਆ ਆਪਾ ਪਿਸ ਘਿਸ ਕੇ ਮਿਟ ਜਾਂਦਾ ਹੈ ਕਿਉਂਕਿ ਹਉਮੈ ਮਮਤਾ ਲੋਭ ਆਦਿ ਜਗਿਆਸੂ ਦੇ ਜਲ ਕੇ ਸੁਆਹ ਹੋ ਜਾਂਦੇ ਹਨ ਅਤੇ ਸਾਰੀ ਮੈਲ ਅੰਦਰੋਂ ਚੁਕੀ ਜਾਂਦੀ ਹੈ। ਏਹਨਾਂ ਉਪਰਲੀਆਂ ਕੁਵਸਤੂਆਂ ਦੇ ਥਾਂਉਂ ਫੇਰ ਘਟ ਅੰਦਰ ਵਾਹਿਗੁਰੂ ਅਤੇ ਵਾਹਿਗੁਰੂਦਾ ਦਰਸ਼ਨ ਹੀ ਉਰ ਧਾਰਿਆ ਰਹਿੰਦਾ ਹੈ। ਇਉਂ ਸ਼ਬਦ ਗੁਰ ਦੀ ਕਮਾਈ ਰੂਪੀ ਭਾਣੇ ਅੰਦਰ ਚਲਿਆ ਤਾਰਨਹਾਰਾ ਨਦਰਾਲੂ ਪੁਰਖ ਅਕਾਲ ਤੁਠ ਕੇ ਆਪ ਹੀ ਆਪਣੇ ਭਾਣੇ ਅੰਦਰ ਆਏ ਪਿਆਰਿਆਂ ਨੂੰ ਤਾਰ ਲੈਂਦਾ ਹੈ। ਫਿਰ ਜੋਤੀਸ਼ ਵਾਹਿਗੁਰੂ ਨੂੰ ਧਾਰਨ ਧਾਰਕੇ ਹੀ ਅੰਮ੍ਰਿਤ ਨਾਮ ਚਖ ਕੇ ਤ੍ਰਿਪਤ ਹੋਈ ਨਾਇਕਾ ਨੂੰ ਦਰ ਜਾਇਕੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋ ਜਾਂਦਾ ਹੈ। ਇਸ ਸੁਹਾਗ ਭਰੀ ਬਵਸਥਾ ਨੂੰ ਸਦਾ ਮਾਨਣ ਲਈ ਬਿਨੇ ਅਲਾਉਣਾ ਇਕ ਸਹਿਜ ਸੁਭਾਵੀ ਕਰਤਬ ਹੋਇ ਰਹਿੰਦਾ ਹੈ। ਯਥਾ ਗੁਰ ਵਾਕ :

ਜੋਤਿ ਸਬਾਇੜੀਏ ਤ੍ਰਿਭਵਣ ਸਾਰੇ ਰਾਮ ॥
ਘਟਿ ਘਟਿ ਰਵਿ ਰਹਿਆ ਅਲਖ ਅਪਾਰੇ ਰਾਮ॥
ਅਲਖ ਅਪਾਰ ਸਾਚਾ ਆਪੁ ਮਾਰਿ ਮਿਲਾਈਐ ॥



www.AKJ.Org

ਹਉਮੈ ਮਮਤਾ ਲੋਭ ਜਾਲਹੁ ਸਬਦਿ ਮੈਲ
ਚੁਕਾਈਐ ।
ਦਰਿ ਜਾਇ ਦਰਸ਼ਨ ਕਰੀ ਭਾਣੈ ਤਾਰਿ ਤਾਰਣ ਹਾਰਿਆ
ਹਰਿਨਾਮ ਅੰਮ੍ਰਿਤ ਚਾਖ ਤ੍ਰਿਪਤੀ ਨਾਨਕਾ
ਉਰਧਾਰਿਆ ॥

(੪...੧ ॥ ਬਿਲਾਵਲ ਮਃ ੧ ਛੰਤ ੧ ॥)

ਨਿਰੰਜਨ ਵਾਹਿਗੁਰੂ ਨੂੰ ਮਿਲਾਵਨ ਲਈ ਨਾਮ ਨਿਰੰਜਨ ਹੀ ਸਮਰਥ ਹੈ । ਸੋ ਐਸਾ ਨਾਮ ਨਿਰੰਜਨ ਗਰਮਤਿ ਨਾਮ ਗੁਰਮੰਤ੍ਰ ਹੀ ਹੈ. ਜਿਸਦੇ ਪਾਰਸ ਸ਼ਕਤੀਸ਼ਰੀ ਅਭਿਆਸ ਅੰਦਰਿ ਐਸੀ ਪਾਰਸ ਕਲਾ ਹੈ ਕਿ ਇਹ ਅਭਿਆਸ ਕਰਨਹਾਰੇ ਨੂੰ ਪਾਵਨ ਪਵਿੱਤ੍ਰ ਪਤਿਤੋਂ ਪੁਨੀਤ ਕਰ ਦਿੰਦਾ ਹੈ ਅਤੇ ਸਰਬ ਅਗਿਆਨ ਭਰਮ ਅੰਧੇਰੇ ਹਰ ਦਿੰਦਾ ਹੈ । ਤਿਮਰ ਅਗਿਆਨ ਦਾ ਨਾਸ ਕਰਕੇ ਸਚੇ ਗੁਰਮਤਿ ਗਿਆਨ ਦਾ ਪ੍ਰਕਾਸ਼ ਕਰ ਦਿੰਦਾ ਹੈ ਅਤੇ ਗੁਰਮਤਿ ਗਿਆਨ ਦਾ ਅੰਜਨ ਨੇਤ੍ਰਾਂ ਵਿਖੇ ਪ੍ਰਵੇਸ਼ ਕਰਕੇ ਨੈਨਾਂ ਨੇਤ੍ਰਾਂ ਨੂੰ ਦਿੱਬ ਦ੍ਰਿਸਟੇ ਬਣਾ ਕੇ ਵਾਹਿਗੁਰੂ ਨਿਰੰਜਨ ਦਾ ਪਰਤੱਖ ਦਰਸ਼ਨ ਕਰਾਇ ਦਿੰਦਾ ਹੈ । ਐਸਾ ਪਰਤੱਖ ਕਿ ਜਲ ਥਲ ਮਹੀਅਲਿ ਵਿਖੇ ਪਰੀ ਪੂਰਨ ਨਿਰੰਜਨ ਨਿਰੰਕਾਰ ਦਾ ਹੀ ਝਲਕਾ ਵਜਦਾ ਹੈ । ਐਸਾ ਗਿਆਨ ਨਿਰੰਜਨ ਪਰਗਟੰਜਨੀ ਨਾਮ ਨਿਮਖ ਮਾਤ੍ਰ ਭੀ ਜਿਸਦੇ ਹਿਰਦੇ ਵਿਚ ਵਸਿਆ ਹੈ. ਤਿਸ ਦੇ ਸਭ ਕਿਲ ਵਿਖ ਵਿਸੂਰੇ ਮਿਟ ਜਾਂਦੇ ਹਨ । ਐਸਾ ਪਾਵਨ ਪਤਿਤ ਪੁਨੀਤ ਹੈ ਗੁਰਮਤਿ ਨਾਮ ਨਿਰੰਜਨ ਕਿ ਸਰਬ ਦਾ ਭਉ ਭੰਜਨ ਅਗਾਧ ਬੋਧ ਸਮਰੱਥ ਸੁਆਮੀ ਅਲਖ ਨਿਰੰਜਨ ਵਾਹਿਗੁਰੂ ਸਨਮੁਖ ਦ੍ਰਿਸ਼ਟੀ ਗੋਚਰ ਦਰਸ਼ਨ ਦੇ ਰਹਿਆ ਇਉਂ ਜ਼ਾਹਰ ਜਹੂਰ ਤੇ ਹਾਜ਼ਰਾ ਹਜ਼ੂਰ ਬਿਗਸਦਾ ਬਿਸਾਉਂਦਾ, ਝਲਕਾਰੇ ਦਿੰਦਾ ਦਿਸ ਆਉਂਦਾ ਹੈ ਕਿ ਉਸ ਦੇ ਦਿਬਯ ਜੋਤੀਯ ਚਰਨ ਕਮਲਾਂ ਦੇ ਨਾਲ ਲਪਟ ਲਪਟਾਇ ਕੇ ਚੋਜ ਬਿਨੋਦੀ ਕੇਲ ਕਰਨਾ ਭਗਤ ਜਨਾਂ ਗੁਰਮੁਖਾਂ ਦੀ ਇਕ ਸੁਭਾਇਮਾਨ ਅਨੂਠੀ ਚਰਨ ਜਪਨੀ ਪਗ ਪਇਅੰਪਨੀ ਖੇਡ ਹੋ ਜਾਂਦੀ ਹੈ । ਗੁਰੂ ਨਾਨਕ ਸਾਹਿਬ ਐਸੇ ਗੁਰਮੁਖ ਜਨਾਂ ਦੇ ਚਰਨ ਜੰਪਨ ਪਗ ਪਇਅੰਪਨ ਦੀ ਜਾਚਨਾ ਸਖਾਂਉਂਦੇ ਹਨ ਜਿਨ੍ਹਾਂ ਨੇ ਇਸ ਬਿਧ ਅਲਖ ਨਿਰੰਜਨ ਨੂੰ ਗੁਪਤੋਂ ਪਰਗਟ ਕਰਿ ਦਿਖਾਇਆ ਹੈ ਤੇ ਪਰਤੱਖ ਲਖਣੀ ਲਖਾਇਆ ਹੈ ਅਤੇ ਅਗਾਧ ਬੋਧ ਵਾਹਿਗੁਰੂ ਨੂੰ ਸਹਿਜ ਸੰਬੋਧਨ ਨਿਰਮਲ ਦਿਬ ਦੀਦਨੀ ਦ੍ਰਿਸ਼ਟੀ ਅੰਦਰਿ ਸਮਾਇਆ ਹੈ । ਯਥਾ ਗੁਰਵਾਕ :

ਪਾਵਨ ਪਤਿਤ ਪੁਨੀਤ ਨਾਮੁ ਨਿਰੰਜਨਾ ॥
ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥
ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲ ਥਲ
ਮਹੀਅਲਿ ਪੂਰਿਆ ॥
ਇਕ ਨਿਮਖ ਜਾਕੈ ਰਿਦੈ ਵਸਿਆ ਮਿਟੇ ਤਿਸਹਿ
ਵਿਸੂਰਿਆ ।
ਅਗਾਧ ਬੋਧਿ ਸਮਥਥ ਸੁਆਮੀ ਸਰਬ ਕਾ ਭਉ
ਭੰਜਨਾ ॥
ਨਾਨਕ ਪਇਅੰਪੈ ਚਰਣਜੰਪੈ ਪਾਵਨ ਪਤਿਤ
ਪੁਨੀਤ ਨਾਮ ਨਿਰੰਜਨਾ ॥੨॥੩॥੬॥

(ਆਸਾ ਮ: ੧ ਛੰਤ)

ਸਚਮੁਚ ਨਾਮ ਜਪਣ ਕਰਿ. ਨਾਮ ਰਿਦੇ ਅਰਾਧਨ (ਬੀਚਾਰਨ) ਕਰਿ ਪ੍ਰਭੂ ਪ੍ਰਮਾਤਮਾ ਦੀ ਐਸੀ ਪਾਰਸ ਕਟਾਖਸ਼ੀ ਕਿਰਪਾ ਹੋਇ ਆਂਵਦੀ ਹੈ ਕਿ



www.AKJ.Org

ਅਗਾਧ ਬੋਧ ਅਗਮ ਅਪਾਰ ਵਾਹਿਗੁਰੂ ਨਿਰੰਕਾਰ ਆਪਣੀ ਅਕਾਲ ਮੂਰਤੀ ਵਾਲੀ ਦਿਬੱਤਾ ਮਈ ਅਕਾਰ ਦਰਸ਼ਨਤਾ ਦੇ ਸਰੂਪ ਵਿਚ ਹਿਰਦੇ ਅੰਦਰਿ ਹੀ ਉਤਰ ਆਉਂਦਾ ਹੈ।

"ਅਗਾਧ ਬੋਧ ਹਰਿ ਅਗਮ ਅਪਾਰੇ ।
ਨਾਮ ਜਪਤ ਨਾਮ ਰਿਦੈ ਬੀਚਾਰੇ ।
ਨਾਨਕ ਕਉ ਪ੍ਰਭ ਕ੍ਰਿਪਾ ਧਾਰੇ ॥

ਕ੍ਰਿਪਾ ਧਾਰ ਆਉਂਦਾ ਹੈ ਪਰਤੱਖ ਰੂਪ ਵਿਚ ਜੈਸਾ ਕਿ :

ਅਵਿਗਤ ਨਾਥ ਅਗੋਚਰ ਸੁਆਮੀ ॥
ਪੂਰਿ ਰਹਿਆ ਘਟ ਅੰਤਰਿ ਜਾਮੀ ॥
ਜਤ ਕਤ ਦੇਖਉ ਤੇਰਾ ਵਾਸਾ ॥
ਨਾਨਕ ਕਉ ਗੁਰ ਕੀਆ ਪਰਗਾਸਾ ॥
(ਭੈਰਉ ਮ: ੫ ਅਸਟਪਦੀਆ ੫ ॥੨॥ ੫॥

ਸਕਨਾਂ ਨੂੰ ਇਕ ਜੋਤ ਤਾਰ ਪਰੋਤੇ ਨਥਣ ਹਾਰਾ ਨਾਥ ਅਵਗਤ ਅਗੋਚਰ ਸੁਆਮੀ ਘਟਿ ਅੰਤਰਿ ਹੀ ਪਰੀ ਪੂਰਨਤਾ ਸਹਿਤ ਆਇ ਸਮਾਉਂਦਾ ਹੈ। ਭਗਤ ਜਨਾਂ ਦੀ ਪ੍ਰੀਤ ਪ੍ਰਤੀਤ ਦਾ ਲਖਤਾ ਹੋਣ ਕਰਿ ਉਹ ਐਸਾ ਅੰਤਰਯਾਮੀ ਹੈ ਕਿ ਅੰਤਰ ਦੀ ਗਤਿ ਬੁਝ ਕੇ ਆਸਾਂ ਪੂਰਦਾ ਹੈ। ਸਤਿਗੁਰੂ ਨਾਨਕ ਦੇ ਘਰ ਦੇ ਗੁਰਮੁਖ ਭਗਤ ਜਨਾਂ ਨੂੰ ਰਿਦੰਤਰੀ ਐਸਾ ਪਰਗਾਸ ਜੋਤਿ ਨਿਰੰਤਰੀ ਹੋਇ ਆਉਂਦਾ ਹੈ ਕਿ ਉਹ ਅੰਤਰ ਪਰਗਾਸ ਦਾ ਅਨੰਦ ਮਾਣਦੇ ਹੋਏ ਸਨਮੁਖ ਸ੍ਰਿਸ਼ਟੇ ਹੋਏ ਹੋਏ ਏਵੇਂ ਅਲਾਉਂਦੇ ਹਨ ! ਆਹਾ ਮੇਰੇ ਪ੍ਰਕਾਸ਼ ਰੂਪ ਅਨੂਪ ਸਰੂਪ ਵਾਹਿ ਗੁਰੂ ਜਿਥੇ ਕਿਥੇ ਭੀ ਅਸੀਂ ਦੇਖਦੇ ਹਾਂ ਤੇਰਾ ਹੀ ਵਾਸਾ, ਸਰੂਪ ਪਰਗਾਸਾ ਵੇਖਦੇ ਹਾਂ । ਇਹ ਜਤ ਕਤ ਵਾਸ ਲਖਨੀ, ਪਰਗਾਸ ਪੇਖਨੀ ਭਗਤ ਜਨਾਂ ਗੁਰਮੁਖਾਂ ਦੀ ਯਥਾਰਥ ਲਖਨੀ ਸਾਖ ਹੈ ਐਵੇਂ ਕਥਨੀ ਬਦਨੀ ਵਾਲੀ ਬੁਝਾਰਤ ਨਹੀਂ ਹੁੰਦੀ । ਐਵੇਂ ਚੁੰਚ ਕਥਨੀ ਕਰਕੇ ਤਾ ਸਾਰਾ ਜੱਗ ਹੀ ਰਾਮ ਰਾਮ ਕਰਦਾ ਫਿਰਦਾ ਹੈ। ਇਉਂ ਚੁੰਚ ਬਿਧਨੀ ਕਥਨੀ ਕਰਿ ਰਾਮ ਨਹੀ ਪਾਇਆ ਜਾਂਦਾ ਉਹ ਅਗੰਮ ਹੈ, ਅਗੋਚਰ ਹੈ ਅਤੇ ਅਤਿ ਵੱਡਾ ਹੈ ਅਤੇ ਐਸਾ ਅਤੁਲ ਹੈ ਕਿ ਤੋਲਿਆ ਨਹੀਂ ਜਾ ਸਕਦਾ। ਤਾਂ ਉਸ ਦੀ ਕੀਮਤ ਕਿਸ ਤੋਂ ਪਾਈ ਜਾਂਦੀ ਹੈ ਨਾ ਉਹ ਕਿਸ਼ੇ ਭੀ ਉਪਾਇ ਕਰਕੇ ਲਇਆ ਪਰਗਟਾਇਆ ਜਾ ਸਕਦਾ ਹੈ ਹਾਂ ਕੇਵਲ ਗੁਰੂ ਕੇ ਸ਼ਬਦ (ਗੁਰਮੰਤ੍ਰ) ਦੁਆਰਾ ਹੀ ਲਇਆ ਪ੍ਰਗਟਾਇਆ ਜਾ ਸਕਦਾ ਹੈ। ਗੁਰੂ ਵਾਹਿਗੁਰੂ ਸ਼ਬਦ ਅਭਿਆਸ ਦੀ ਪਾਰਸ ਪਾਰਜਾਤੀ ਅਮਿਉ ਰਸਾਇਣੀ ਕਲਾ ਅਜੇਹੀ ਵਰਤਦੀ ਹੈ ਕਿ ਗੁਰੂ ਸਬਦ ਭੇਟਣ ਕਰ ਉਹ ਅਭੇਦ ਰੂਪ ਹੋ ਕੇ ਮਨ ਅੰਦਰ ਹੀ ਆ ਵਸਦਾ ਹੈ। ਨਹੀਂ ਤਾਂ ਉਸ ਦੀ ਮਿਉਮਰੰਮੀ ਮਿਤ ਮਰਯਾਦਾ ਕਿਸੇ ਤੋਂ ਨਹੀਂ ਪਾਈ ਜਾ ਸਕਦੀ। ਕੇਵਲ ਗੁਰੂ ਦੀ ਕ੍ਰਿਪਾ ਦੁਆਰਾ ਹੀ ਅੰਤਰਿ ਬਾਹਰ ਸਮਾਇ ਰਹਿਆ ਦਿਸ ਆਵੰਦਾ ਹੈ ਅਤੇ ਅੰਤਰ ਆਤਮੇ ਜੋਤ ਝਿਲਮਲੀ ਜਫੀਆਂ ਪਾ ਕੇ ਐਸਾ ਆ ਮਿਲਦਾ ਹੈ, ਕਿ ਫੇਰ ਸਦਾ ਮਿਲਿਆ ਹੀ ਰਹਿੰਦਾ ਹੈ । ਯਥਾ ਗੁਰਵਾਕ :

"ਰਾਮੁ ਰਾਮੁ ਕਰਤਾ ਸਭੁ ਜਗ ਫਿਰੈ ਰਾਮੁ ਨਾ ਪਾਇਆ ਜਾਇ ॥
ਅਗਮੁ ਅਗੋਚਰ ਅਤ ਵਡਾ ਅਤੁਲ ਨਾ



www.AKJ.Org

ਤੁਲਿਆ ਜਾਇ ॥
ਕੀਮਤ ਕਿਨੈ ਨ ਪਾਈਆ ਕਿਤੈ ਨਾ ਲਇਆ ਜਾਇ ॥
ਗੁਰ ਕੈ ਸਬਦਿ ਭੇਦਿਆ ਇਨ ਬਿਧਿ ਵਸਿਆ ਮਨਿ ਆਇ ॥
ਨਾਨਕ ਆਪਿ ਅਮੇਉ ਹੈ ਗੁਰ ਕਿਰਪਾ ਤੇ ਰਹਿਆ ਸਮਾਇ ॥
ਆਪੇ ਮਿਲਿਆ ਮਿਲ ਰਹਿਆ ਆਪੇ ਮਿਲਿਆ ਆਇ ॥

(ਵਾਰ ਬਿਹਾਗੜਾ ਪਉੜੀ ੧੮)

ਇਹ ਬਿਸਮਾਦ ਜਨਕ ਸਚਿਆਈ ਹੈ ਅਤੇ ਕੈਸੀ ਅਸਚਰਜ ਸਚਾਈ ਹੈ। ਜਿਸ ਠਾਕਰ ਪਰ-ਮਾਤਮ ਪਰਮੇਸ਼ਰ ਨੂੰ ਅਗਾਧ ਬੋਧ ਸੁਣੀਦਾ ਹੈ ਤਿਸ ਅਗਾਧ ਬੋਧ ਨਿਰੰਕਾਰ ਨੂੰ ਸਤਿਗੁਰੂ ਨੇ ਸਿਖਾਂ ਦੇ ਰਿਦੇ ਅੰਦਰਿ ਪ੍ਰਗਟਾਇ ਦਿੱਤਾ।

ਦੇਖਹੁ ਅਚਰਜ ਭਇਆ ॥ ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ ਸੋ ਰਿਦੇ ਗੁਰਿ ਦੀਆ ॥

ਦੇਖੋ "ਦੀਆ" ਦੀ ਏਥੇ ਕੈਸੀ ਫੋਰਸ (ਜ਼ੋਰ) ਹੈ, ਰਿਦੇ ਦੀਆ ਕਿਆ ?

ਰਿਦ ਅੰਦਰ ਹੀ ਬਸਾਇ ਧਸਾਇ ਦੀਆ ਗੁਰੂ ਨੇ।

'ਸ਼ਬਦ ਮਾਰਗੀਆਂ ਗੁਰਮੁਖਾਂ ਦੀ ਅਹਿਨਿਸੀ ਅਭਿਆਸ ਪੂਜਾ ਹੀ ਅਣ ਦ੍ਰਿਸ਼ਟੇ ਪਰਮਾਤਮਾ ਦੇਵ ਦੀ ਹੈ. ਸ਼ਬਦ ਸੁਰਤ ਅਭਿਆਸ ਕਰਦੇ ਕਰਦੇ ਰਸ ਅਮੀ ਸੁਆਦ ਉਦੋਤ ਆ ਹੁੰਦਾ ਹੈ। ਇਹ ਰਸ ਅਮੀ ਦੇ ਸੁਆਦ ਪ੍ਰਾਇਣਿ ਹੋਇ ਸੁਆਸਾਂ ਨੂੰ ਰੋਕ ਕੇ ਗੁਰਮਤਿ ਅਭਿਆਸੀ ਜਨ ਹੰਸਲੇ ਨਾਭੀ ਅੰਦਰਿ ਸੁਰਤ ਚੁਭਾ ਲਾਇ ਬਹਿੰਦੇ ਹਨ। ਇਸ ਰਸ ਭਮਨ

## ਅਕਾਲ ਪੁਰਖ ਕਿਵੇਂ ਮਿਲਦਾ ਹੈ ?

ਬਿਰਤੀ ਚੁੱਭੇ ਦੁਆਰਾ ਆਪ ਦੀ ਸੁਰਤ ਨੂੰ ਉਭਾਰ ਪਸਾਰਕੇ ਅਤਿ ਗਹਿਰ ਗੰਭੀਰ ਸਾਗਰ ਰਤਨਾਗਰੀ ਠਾਕਰ ਨੂੰ ਜਾਇ ਢੂੰਢਦੇ ਹਨ। ਇਸ ਬਿਧਿ ਨਭ ਨਾਭੀ ਪੁਲਾੜ ਅੰਦਰਿ ਹੀ ਅਨੂਪਮ ਠਾਕੁਰ ਪੂਜਾ ਏਕੰਕਾਰੀ ਹੋਣ ਲਗ ਪੈਂਦੀ ਹੈ। ਇਸ ਸ਼ਬਦ ਬੀਚਾਰੀ ਅਭਿਆਸ ਪੂਜਾ ਦੇ ਪ੍ਰਭਾਵ ਕਰਿ ਇਕੋ ਭਰਮ ਭਉ ਭੰਜਨ ਪੁਰਖ ਤਿਨਾਂ ਦੇ ਗਿਆਨ ਦ੍ਰਿਸ਼ਟੇ ਲੋਇਣਾ ਸਾਹਮਣੇ ਏਕਸ ਬਿਨਾਂ ਹੋਰ ਦੂਜਾ ਨਜ਼ਰੀ ਹੀ ਨਹੀਂ ਔਂਦਾ ਤਾਂਤੇ ਏਕ ਬਿਨਾਂ ਦੂਜੇ ਦੀ ਪੂਜਾ ਦਾ ਏਥੇ ਥਾਉਂ ਹੀ ਨਹੀਂ, ਏਹ ਸਚੜੇ ਸ਼ਬਦ ਸੁਰਤੀਆ ਦਾ ਗੁਰਮਤਿ ਮਾਰਗ ਹੀ ਮਨੂਆ ਮਾਰਨ ਦਾ ਸਚੜਾ ਸਬੀਲਾ ਹੈ; ਇਉਂ ਮਨੂਆ ਮਾਰ ਕੇ ਹੀ ਨਿਰਮਲ ਪਦ ਚੀਨਿਆ ਜਾਂਦਾ ਹੈ. ਨਿਰਮਲ ਪਦ ਚੀਨ ਕੇ ਅਧਕ ਤੋਂ ਅਧਕ ਹਰਿ ਰਸ ਰੰਗ ਮਾਣੀਦਾ ਹੈ। ਇਸ ਬਿਧ ਹਰ ਰਸ ਅਤੇ ਅਧਕ ਰੰਗਾਂ ਵਾਲੇ ਗੁਰਮੁਖ ਅਭਿਆਸੀ ਜਨ ਏਕਸ ਦੇ ਅਨਿੰਨ ਪੁਜਾਰੀ ਹੀ ਬਣ ਰਹਿੰਦੇ ਹਨ, ਗੁਰ ਪ੍ਰਸਾਦਿ ਕਰ ਐਸੀ ਅਗੰਮੀ ਸੂਝ ਬੂਝ ਉਹਨਾਂ ਨੂੰ ਹੋਇ ਆਵੰਦੀ ਹੈ ਕੇਵਲ ਗੁਰਮਤਿ ਦਰਸਾਈ ਉਪਰ ਲਿਖਤ ਵਿਉਂਤ ਵਿਧੀ ਅਨੁਸਾਰ ਹੀ ਏਕੈ ਅਗਮ ਅਗੋਚਰ ਅਨਾਥ ਅਜੋਨੀ ਸੈਭੰ ਪ੍ਰਭੂ ਦਾ ਪਾਰ ਦਰਸੀ ਗਿਆਨ ਸਾਰ ਪ੍ਰਾਪਤ ਹੁੰਦਾ ਹੈ. ਇਸ ਗਿਆਨ ਰਸ ਜੋਤਿ ਨਾਲ ਸੁਭਰ ਭਰੀਵੇ ਗੁਰਮੁਖ ਹੰਸਲਿਆਂ ਦਾ ਚਿੱਤ ਸਦਾ ਅਡੋਲ ਰਹਿੰਦਾ ਹੈ. ਮਨ ਹੀ ਮਨਿਮਾਨੀ ਇਸ ਅਡੋਲ ਤਤ ਗਿਆਨ ਜੈਸੀ ਆਤਮ ਅਵਸਥਾ ਵਿਖੇ ਅਰੂੜ ਹੋ ਕੇ ਅਕੱਥ ਵਾਹਿਗੁਰੂ ਦੀ ਅਗੋਚਰ ਕਥਾ ਨੂੰ ਕਥ



www.AKJ.Org

ਸਕੀਦਾ ਹੈ ਅਤੇ ਕਥ ਲਈਦਾ ਹੈ, ਯਥਾ ਗੁਰ-ਵਾਕ :-

ਗਹਿਰ ਗੰਭੀਰ ਸਾਗਰ ਰਤਨਾਗਰ ਅਵਰ ਨਹੀ ਅਨ ਪੂਜਾ ॥
ਸਬਦੁ ਬੀਚਾਰਿ ਭਰਮ ਭਉ ਭੰਜਨ ਅਵਰ ਨ ਜਾਨਿਆ ਦੂਜਾ ॥੫॥
ਮਨੂਆ ਮਾਰਿ ਨਿਰਮਲ ਪਦੁ ਚੀਨਿਆ ਹਰਿ ਰਸ ਰਤੇ ਅਧਿਕਾਈ ।
ਏਕਸ ਬਿਨੁ ਮੈਂ ਅਵਰੁ ਨ ਜਾਨਾ ਸਤਿਗੁਰਿ ਬੂਝ ਬੁਝਾਈ ॥੬
ਅਗਮ ਅਗੋਚਰ ਅਨਾਥ ਅਜੋਨੀ ਗੁਰਮਤਿ ਏਕੋ ਜਾਨਿਆ ॥
ਸੁਭਰ ਭਰ ਨਾਹੀ ਚਿਤ ਡੋਲੈ ਮਨ ਹੀ ਤੇ ਮਨ ਮਾਨਿਆ ॥੭॥
ਗੁਰਪ੍ਰਸਾਦੀ ਅਕੱਥਓ ਕਥੀਐ ਕਹਉ ਕਹਾਵੈ ਸੋਈ ॥
ਨਾਨਕ ਦੀਨ ਦਇਆਲ ਹਮਾਰੇ ਅਵਰ ਨ ਜਾ-ਨਿਆ ਕੋਈ ॥੮॥੨॥

(ਸਾਰੰਗ ਮ: ੧ ਅਸਟਪਦੀਆਂ)

## ਅਕਾਲ ਪੁਰਖ ਦਾ ਦਰਸ਼ਨ

ਗੁਰ ਪੂਰੇ ਦੀ ਐਸੀ ਵਡਿਆਈ ਹੈ ਕਿ ਗੁਰ-ਮਤਿ ਨਾਮ ਅਭਿਆਸ ਕਰ, ਉਰਧਾਰ ਬੀਚਾਰਿਆ ਜਪ ਜਪ ਕੇ ਅਦ੍ਰਿਸ਼ਟ ਅਗੋਚਰ ਅਪ੍ਰੰਪਰ ਸੁਆਮੀ ਰਮੋ ਰਮ ਮਨ ਮੋਹਨ ਅੰਤਰਜਾਮੀ ਗੁਪਤੋਂ ਪਰਗਟ ਦਿਸ ਪੈਂਦਾ ਹੈ ਅਤੇ ਦਰਸ ਝਲਕਾਰ ਦੇਣ ਲਗ ਜਾਂਦਾ ਹੈ, ਯਥਾ ਗੁਰਵਾਕ :-

"ਉਰਧਾਰਿ ਬੀਚਾਰਿ ਮੁਰਾਰ ਰਮੋ ਰਮੁ ਮਨ ਮੋਹਨ ਨਾਮ ਜਪੀਨੇ ॥ ਅਦ੍ਰਿਸ਼ਟ ਅਗੋਚਰ ਅਪਰੰਪਰ ਸੁਆਮੀ ਗੁਰ ਪੂਰੇ ਪਰਗਟ ਕਰਿ ਦੀਨੇ ॥੧

(ਧਨਾਸਰੀ ਮ: ੪ ਘਰ ੫॥ਦੁਪਦੇ)

ਦੁਨੀਆਂ ਦ੍ਰਿਸ਼ਟ ਮਾਨ ਮਾਇਆ ਦੇ ਪਸਾਰੇ ਨੂੰ ਸਤ ਕਰਕੇ ਮੰਨਦੀ ਹੈ ਅਤੇ ਅਦ੍ਰਿਸ਼ਟ ਨੂੰ ਮੰਨਦੀ ਹੀ ਨਹੀਂ, ਗੁਰਮਤਿ ਅਨੁਸਾਰ ਆਦਿ ਜੁਗਾਦੀ ਹੈਭੀ ਹੋਸੀ ਅਗਮ ਅਗੋਚਰ ਅਪਰ ਅਪਾਰ ਪਾਰਬ੍ਰਹਮ ਬਿਨਾਂ ਹੋਰ ਸਭ ਕੁਛ ਝੂਠਾ ਹੈ, ਯਥਾ ਗੁਰਵਾਕ-

ਮੇਰਾ ਮਨੋ ਮੇਰਾ ਮਨ ਰਾਤਾ ਰਾਮ ਪਿਆਰੇ ਰਾਮ ॥
ਸਚ ਸਾਹਿਬੋ ਆਦਿ ਪੁਰਖੁ ਅਪਰੰਪਰੋ ਧਾਰੇ ਰਾਮ ॥
ਅਗਮ ਅਗੋਚਰ ਅਪਰ ਅਪਾਰਾ ਪਾਰਬ੍ਰਹਮਿ ਪਰਧਾਨੋ ॥ ਆਦਿ ਜੁਗਾਦਿ ਹੈਭੀ ਹੋਸੀ ਅਵਰ ਝੂਠਾ ਸਭ ਮਾਨੋ ।

(ਆਸਾ ਮ: ੧ ਛੰਤ)

ਇਸ ਅਗਮ ਅਗੋਚਰ ਅਲਖ ਅਪਾਰ ਦੀ ਸਤਤਾ ਹੀ ਗੁਰਮਤ ਅਨੁਸਾਰ ਪਰਧਾਨ ਹੈ । ਇਸ ਨੂੰ ਜਾਗਦੀ ਜੋਤ ਪੇਖ ਕੇ ਹੀ ਅੰਤਰਜਾਮੀ ਨੂੰ ਬਿਸੇਖ ਕੇ ਹੀ ਗੁਰੂ ਸਾਹਿਬਾਂ ਨੇ ਸਨਮੁਖ ਬੇਨਤੀ ਉਚਾਰਨ ਕੀਤੀ ਹੈ ਅਤੇ ਗੁਰਮੁਖ ਜਨਾਂ ਨੂੰ ਕਰਨੀ ਸਿਖਾਈ ਹੈ ਅਤੇ ਇਸ ਬਿਧ ਸਤਤਾ ਲਖਾਈ ਹੈ ।

"ਅਗਮ ਅਗੋਚਰ ਅਲਖ ਅਪਾਰਾ ਚਿੰਤਾ ਕਰਹੁ ਹਮਾਰੀ ॥ ਜਲੁ ਥਲ ਮਹੀਅਲ ਭਰ ਪੁਰ ਲੀਣਾ ਘਟਿ ਘਟਿ ਜੋਤ ਤੁਮਾਰੀ ॥

(ਬਿਲਾਵਲ ਮ ੧)

ਇਹ ਗੱਲ ਬਿਲਕੁਲ ਸਹੀ ਹੈ ਕਿ ਇਸ ਅਗਮ



www.AKJ.Org

ਅਗੋਚਰ ਪਾਰਬ੍ਰਹਿਮ ਪਰਮੇਸ਼ਰ ਨੂੰ ਜਣਾ ਕਣਾ ਕੋਈ ਸਿਆਣੇ ਤੋਂ ਵੱਡਾ ਸਿਆਣਾ ਭੀ ਨਹੀਂ ਅਪੜ ਸਕਦਾ। ਮਿਹਰਵਾਨ ਬੇਪਰਵਾਹ ਸੁਆਮੀ ਅੰਤਰ-ਜਾਮੀ ਨੂੰ ਗੁਰ ਪ੍ਰਸਾਦੀ ਹੀ ਮਿਲ ਸਕੀਦਾ ਹੈ ਗੁਰ ਸ਼ਬਦ ਕਮਾਈ ਕਰਕੇ। ਗੁਰ ਸਬਦ ਦੀ ਸੇਵਾ ਕਮਾਈ ਓਸ ਗੁਰਮੁਖ ਜਨ ਤੋਂ ਹੁੰਦੀ ਹੈ ਜਿਸ ਦੇ ਉਪਰ ਉਸ ਮਿਹਰਵਾਨ ਦੀ ਮੇਹਰ ਆ ਹੁੰਦੀ ਹੈ। ਐਸੇ ਨਦਰ ਨਿਦ੍ਰਿਸ਼ਟੇ ਜਨ ਗੁਰਮਤਿ ਕਮਾਈ ਦੁਆਰਾ ਸਚੇ ਅਕਾਲ ਪੁਰਖ ਦੇ ਸਰੂਪ ਵਿਚ ਹੀ ਸਮਾਉਂਦੇ ਅਤੇ ਸਮਾਏ ਰਹਿੰਦੇ ਹਨ। ਇਸ ਸਹਿਜ ਸਮਾਵਣੀ ਆਮ ਅਵਸਥਾ ਨੂੰ ਮਾਨਦੇ ਹੋਏ ਦਿਨ ਰਾਤੀਂ ਸਚੇ ਦੇ ਗੁਣ ਗਾਉਂਦੇ ਰਹਿੰਦੇ ਹਨ। ਹਰਿ ਗੁਣ ਗਾਂਵਦੀ ਓਹਨਾਂ ਦੀ ਰਸਨਾ ਕਦੇ ਥਕਦੀ ਹੀ ਨਹੀਂ. ਐਸਾ ਹਰਿ ਰਸ ਆਇਆ ਹੁੰਦਾ ਹੈ ਉਹਨਾਂ ਦੀ ਗੁਣ ਗਾਵਣ ਹਾਰੀ ਰਸਨਾ ਨੂੰ॥ ਓਹਨਾਂ ਨੂੰ ਗਹਿਰ ਗੰਭੀਰ ਸਚੇ ਸਾਹਿਬ ਨੂੰ ਸਦਾ ਸੱਚਾ ਸਲਾਹੁਣ ਵਿਚ ਸੱਚੀ ਧੀਰਜ ਹੈ। ਜਿਸ ਅਗਮ ਅਗੋਚਰ ਦੀ ਕੀਮਤ ਨਹੀਂ ਪਾਈ ਜਾ ਸਕਦੀ; ਗੁਰਮੁਖਾਂ ਨੇ ਉਸ ਨੂੰ ਆਪਣੇ ਹਿਰਦੇ ਅੰਦਰਿ ਵਸਾ ਲਿਆ ਹੈ, ਧੰਦੇ ਧੰਦਈ ਹੋਈ ਲੋਈ(ਲੁਕਾਈ) ਨਿਰਾਲਮ ਨਿਰੰਕਾਰ ਨਿਰੰਜਨ ਨੂੰ ਨਹੀਂ ਪਛਾਣ ਸਕਦੀ। ਗੁਰ ਪ੍ਰਸਾਦੀ ਹੀ ਕੋਈ ਨਾਮ ਕਮਾਈ ਵਾਲਾ ਗੁਰਮੁਖ ਜਨ ਬੂਝ ਸਕਦਾ ਹੈ। ਗੁਰਮਤੀ ਨਾਮ ਘਟ ਅੰਤਰਿ ਵਸਿਆ ਨਾਮੀ ਵਾਹਿਗੁਰੂ ਨਾਲ ਦਰਸ ਮਿਲਾਈ ਮੇਲਾ ਹੀ ਹੋ ਜਾਂਦਾ ਹੈ, ਯਥਾ ਗੁਰਵਾਕ :-

(ਮਾਰੂ ਮ: ੩॥)

ਅਗਮ ਅਗੋਚਰ ਬੇਪਰਵਾਹੇ ॥ ਆਪੇ ਮਹਰਵਾਨ ਅਗਮ ਅਥਾਹੇ ॥ ਅਪੜ ਕੋਇ ਨ ਸਕੈ ਤਿਨਕੋ ਗੁਰ ਸਬਦੀ ਮੇਲਾਇਆ ॥੧॥ ਤੁਧ ਨੋ ਸੇਵਹਿ ਜੋ ਤੁਧ ਭਾਵਹਿ॥ ਗੁਰ ਕੇ ਸਬਦਿ ਸਚਿ ਸਮਾਵਹਿ॥ ਅਨਦਿਨ ਗੁਣ ਗਾਵਹਿ ਦਿਨ ਰਾਤੀ ਰਸਨਾ ਹਰਿ ਰਸ ਭਾਇਆ ॥……ਸਚਾ ਸਾਹਿਬੁ ਗਹਿਰ ਗੰਭੀਰਾ॥ ਸਦਾ ਸਾਲਾਹੀ ਤਾ ਮਨ ਧੀਰਾ ਅਗਮ ਅਗੋਚਰ ਕੀਮਤਿ ਨਹੀ ਪਾਈ ਗੁਰਮੁਖਿ ਮਨ ਵਸਾਇੰਦਾ ॥ ੧੫॥ ਆਪ ਨਿਰਾਲਮ ਹੋਰ ਧੰਦੇ ਲੋਈ ॥ ਗੁਰ ਪ੍ਰਸਾਦੀ ਬੂਝੇ ਕੋਈ॥ ਨਾਨਕ ਨਾਮ ਵਸੈ ਘਟਿ ਅੰਤਰਿ ਗੁਰਮਤਿ ਮੇਲ ਮਿਲਾਇੰਦਾ ॥੧੬॥੭॥ (ਮਾਰੂ: ਮ: ੩)

ਜਿਸ ਅਕਾਲ ਪੁਰਖ ਦੀ ਹੋਂਦ ਹਸਤੀ ਨੂੰ ਅਨਮਾਨਣ ਮਾਤ ਤੋਂ ਭੀ ਅਲਪੱਗ ਪੁਰਸ਼ਾਂ ਦੀ ਅਕਲ ਅੰਧਲੀ ਬੋਲੀ ਨੀਮ ਨਿਸਚੋਲੀ ਹੋ ਰਹੀ ਹੈ. ਉਹ ਪੁਰਖ ਬਿਧਾਤਾ ਆਦਿ ਜੁਗਾਦ ਤੋਂ ਹੀ ਦਇਆ ਪਤਿ ਦਾਤਾ ਗੁਰਮਤਿ ਆਸਤਕਤਾ ਦਾ ਮੁਖ ਕੇਂਦਰ ਪਛਾਤਾ ਜਾਂਦਾ ਰਹਿਆ ਹੈ। ਪਰ ਜਿਹਨਾਂ ਪਛਾਤਾ ਹੈ, ਸਚ ਕਰਕੇ ਜਾਤਾ ਹੈ, ਪੂਰੇ ਗੁਰ ਕੇ ਸ਼ਬਦ ਅਭਿਆਸ ਦੁਆਰਾ ਅੰਤਰਿ ਅਬਿਨਾਸ ਚਾਨਣਾ ਪਰਗਟ ਹੋਣ ਪਰ ਹੀ ਸਚ ਪਛਾਤਾ ਹੈ। ਹੇ ਸਤਿ ਅਸਤਾਸ਼ ਸਦਾ ਅਬਿਨਾਸ਼ ਕਰਤੇ ਤੁਧਨੋ ਗੁਰ ਸ਼ਬਦ ਮੰਤ੍ਰ ਅਭਿਆਸ ਕਮਾਈ ਦੁਆਰਾ ਸੇਵਨ ਹਾਰੇ ਤੁਧ ਨੂੰ ਸਤ ਪਛਾਣਦੇ ਤੁਧ ਹੀ ਜਹੇ ਹੋ ਗਏ ਹਨ ਅਤੇ ਤੁਧ ਹੀ ਵਿਚਿ ਸਮਾ ਗਏ ਹਨ। ਤੁਧ ਆਪ ਕਿਰਪਾਕਰ ਤਿਨਾਂ ਨੂੰ ਆਪਣੇ ਵਿਚ ਸਮਾਇਕੇ ਮਿਲਾਇ ਲਇਆ ਹੈ, ਹੇ ਅਗੰਮ ਅਗੋਚਰ ਸਾਹਿਬ ਤੇਰੀ ਕੀਮਤ ਕਿਨੇ ਨਹੀਂ ਪਾਈ । ਸਭ ਜੀਆ ਜੰਤ



www.AKJ.Org

ਤੇਰੀ ਸਰਨਾਈ ਹੀ ਆਸਰਤ ਹੋ ਕੇ ਜਿਉਂਦੇ ਹਨ। ਜਿਓਂ ਤੈਨੂੰ ਭਾਉਂਦਾ ਹੈ ਤਿਵੇਂ ਤੂੰ ਚਲੌਂਦਾ ਹੈ। ਅਤੇ ਜਿਸਨੋ ਚਾਹੇਂ ਤਿਸਨੂੰ ਤੂੰ ਸੁਮਾਰਗ ਪੌਂਦਾ ਹੈਂ। ਤੂੰ ਹੈਂ ਭੀ ਸਤਿ. ਪਰਮੇਸ਼ਰ ਸਚਾ, ਹੋਸੀ ਸਾਚਾ ਸਤਿ ਕਰਤਾਰ, ਸਭਨਾਂ ਦਾ ਸਿਰਜਨ ਹਾਰ ਹੈਂ। ਤੁਧ ਬਿਨ ਹੋਰ ਕੋਈ ਕਰਤਾ ਸਿਰਜ ਸੰਵਾਰਤਾ ਨਹੀਂ। ਤੂੰ ਸਭਨਾਂ ਦੀ ਸਾਰ ਸੰਭਾਲਣਹਾਰਾ ਸੁਖ ਦਾਤਾ ਹੈਂ ਅਤੇ ਸਭਨਾਂ ਨੂੰ ਆਪੇ ਰਿਜ਼ਕ ਸੰਭਾਹੁਣ ਪਹੁਚਾਣ ਹਾਰਾ ਹੈਂ। ਅਗਮ ਅਗੋਚਰ ਅਲਖ ਅਪਾਰ ਨਿਰੰਜਨਾ ਨਿਰੰਕਾਰਾ ਤੇਰਾ ਪਾਰਾਵਾਰ ਕਿਨੇ ਨਹੀਂ ਪਾਇਆ। ਆਂਪਣਾਂ ਆਪ ਅਸਲ ਵਜੂਦ ਵਾਸਤਵ ਕਰਿ ਤੂੰ ਆਪ ਹੀ ਪਛਾਨਣ ਯੋਗ ਹੈਂ। ਪਰ ਜਿਸਜਿਸ ਤਾਈਂ ਆਪਣੇ ਹਸਤ ਹੋਂਦੀਏ ਵਜੂਦ ਬਝਾਉਂਦਾ ਲਖਾਉਂਦਾ ਹੈ ਗੁਰਮਤਿ ਦੀ ਸਚੀ ਰੋਸ਼ਨੀ ਰੋਸ਼ਨਾਉਣੋਂ ਹੀ ਬੁਝਾਉਂਦਾ ਲਖਾਉਂਦਾ ਹੈਂ। ਯਥਾ ਗੁਰਵਾਕ :-

(ਮਾਰੂ ਮਹਲਾ ੩)

"ਆਦਿ ਜੁਗਾਦਿ ਦਇਆ ਪਤਿ ਦਾਤਾ ॥ ਪੂਰੇ ਗੁਰ ਕੇ ਸਬਦਿ ਪਛਾਤਾ ॥ ਤੁਧਨੋ ਸੇਵਹਿ ਸੇ ਤੁਝਹਿ ਸਮਾਵਹਿ ਤੂੰ ਆਪੇ ਮੇਲ ਮਿਲਾਂਇਦਾ ॥੧॥ਅਗਮ ਅਗੋਚਰ ਕੀਮਤ ਨਹੀਂ ਪਾਈ ॥ ਜੀਆ ਜੰਤ ਤੇਰੀ ਸਰਨਾਈ ॥ ਜਿਉ ਤੁਮ ਭਾਵਹਿ ਤਿਵੈਂ ਚਲਾਵਹਿ ਤੂੰ ਆਪੇ ਮਾਰਗ ਪਾਇਦਾ ॥੨॥ ਹੈ ਭੀ ਸਾਚਾ ਹੋਸੀ ਸੋਈ ॥ ਆਪੇ ਸਾਜੇ ਅਵਰ ਨ ਕੋਈ॥ ਸਭਨਾਸਾਰਕਰੇ ਸੁਖ ਦਾਤਾ ਆਪੇ ਰਿਜਕ ਪਹੁਚਾਇਦਾ॥੩॥ ਅਗਮ ਅਗੋਚਰ ਅਲਖ ਅਪਾਰਾ ॥ ਕੋਇ ਨ ਜਾਣੈ ਤੇਰਾ ਪਾਰਾਵਾਰਾ ॥ ਆਪਣਾ ਆਪ ਪਛਾਣੈ ਆਪੇ ਗੁਰਮਤੀ ਆਪ ਬੁਝਾਇਦਾ॥"

ਦਰ ਹਕੀਕਤ ਵਾਹਿਗੁਰੂ ਅਗਮ ਅਗੋਚਰ ਹੈ. ਅਲਖ ਹੈ ਪਰੰਤੂ ਗੁਰ ਦੀਖਿਆ ਗੁਰਮੰਤ੍ਰ ਦੀ ਕਮਾਈ ਕਰਨ ਹਾਰਿਆਂ ਗੁਰਮੁਖਾਂ ਨੇ ਹੀ ਪ੍ਰਤੱਖ ਕਰਿ ਜਾਣਿਆ ਹੈ। ਅਤੇ ਗੁਰਮੁਖਤਾ ਦੁਆਰਾ ਹੀ ਜਾਣਿਆ ਜਾਂਦਾ ਹੈ।

"ਅਗਮ ਅਗੋਚਰ ਅਲਖ ਹੈ ਗੁਰਮੁਖਿ ਹਰਿ ਜਾਣੀ ॥"

(ਸੂਹੀ ਵਾਰ ਪਉੜੀ ੧੨)

ਤਥਾ :-ਪਾਰਬ੍ਰਹਮਿ ਅਪ੍ਰਪਰ ਦੇਵਾ॥ ਅਗਮ ਅਗੋਚਰ ਅਲਖ ਅਭੇਵਾ॥ ਦੀਨ ਦਇਆਲ ਗੋਪਾਲ ਗੋਬਿੰਦ ਹਰਿ ਧਿਆਈਐ ਗੁਰਮੁਖਿ ਗਾਤੀ ਜੀਉ॥੪॥੧॥੧੩॥

(ਮਾਝ ਮਃ ੫)

ਗੁਰਮਤਿ ਲਖਾਈ ਗਾਤੀ ਦੁਆਰਾ ਹੀ ਧਿਆਇਆ ਜਾਂਦਾ ਹੈ ਧਿਆਇ ਧਿਆਇ ਲਖਾਇਆ ਜਾਂਦਾ ਹੈ, ਸਿਮਰਨ ਦਾ ਮਨਤਵ ਹੀ ਏਹੀ ਹੈ ਕਿ ਅਗਮ ਅਗੋਚਰ ਅਲਖ ਅਪਾਰ ਪਾਰਬ੍ਰਹਿਮ ਨੂੰ ਲਖਿਆ ਜਾਵੇ। ਗੁਰਮਤਿ ਦ੍ਰਿੜਾਇਆ ਸਿਮਰਨ ਦਿਨ ਰੈਨਾਰੀ ਸਿਮਰਨ ਇਸ ਪ੍ਰਯੋਜਨ ਨੂੰ ਮੁਖ ਰਖਕੇ ਅਰੰਭਤ ਹੁੰਦਾ ਹੈ ਕਿ ਜਿਸ ਦਾ ਸਿਮਰਨ ਕੀਤਾ ਜਾਵੇ ਉਸ ਅਮਰਾਪਤ ਪਾਰਬ੍ਰਹਮ ਨੂੰ ਪ੍ਰਾਪਤ ਕੀਤਾ ਜਾਵੇ, ਯਥਾ ਗੁਰਵਾਕ :-

ਅਗਮ ਅਗੋਚਰ ਅਲਖ ਅਪਾਰੇ ॥
ਨਾਨਕ ਸਿਮਰੈ ਦਿਨ ਰੈਨਾਰੇ ॥

ਗੁਰੂ ਨਾਨਕ ਸ਼ਰੂਪ ਦੇ ਦਸੇ ਸਮੇਂ ਅਗਮ



www.AKJ.Org

ਰੂਪਾਂ ਦਰਸਾਰੇ ਦੇ ਦ੍ਰਿਸ਼ਟ ਦ੍ਰਿਸ਼ਟਾਰੇ ਝਲਕਾਰਿਆਂ ਨੂੰ ਸਨਮੁਖ ਦੇਖਦੇ ਹੋਏ ਹੀ ਸਿਮਰਨ ਅਨੰਦ ਮਗਨ ਰਹਿੰਦੇ ਹਨ. ਪਰ ਤਿਸੇ ਸਿਮਰਨ ਦੀ ਪਾਰਸ ਕਲਾ ਸਤਿਗੁਰਾਂ ਨੇ ਐਸੀ ਲਖਾਈ ਦ੍ਰਿੜਾਈ ਹੈ ਕਿ ਸਿਮਰਨ ਸ਼ਕਤੀ ਕਰਿ ਅਦ੍ਰਿਸ਼ਟ ਅਗੋ-ਚਰ ਪਾਰਬ੍ਰਹਮ ਭੀ ਦ੍ਰਿਸ਼ਟੀ ਗੋਚਰ ਹੋਇ ਐਂਦਾ ਹੈ. ਅਤੇ ਸਿਮਰਨ ਕਰਨ ਹਾਰੈ ਗੁਰਸਿਖਾਂ ਪ੍ਰਤੀ ਸਦਾ ਸਦਾ ਜੁਗਾਂ ਪ੍ਰਯੰਤ ਦ੍ਰਿਸ਼ਟੀਗੋਚਰ ਹੁੰਦਾਂ ਰਹੇਗਾ । ਸੋ ਜਿਸ ਕਿਸੇ ਨੇ ਭੀ ਅਦ੍ਰਿਸ਼ਟ ਅਗੋ-ਚਰ ਪ੍ਰਮਾਤਮਾ ਦਾ ਆਤਮ ਦ੍ਰਿਸ਼ਟ ਦਰਸਾਰਾ ਦੇਖਣਾ ਹੋਵੇ ਸੋ ਗੁਰੂ ਘਰ ਵਿਖੇ ਆਇਕੇ ਨਿਸੰਗ ਪੇਖੇ ਪਰਖੇ ਅਜਮਾਏ ਆਪਣੀ ਅੱਖੀਂ ਦੇਖੇ । ਬਿਨ ਦੇਖੇ ਕੈਸੇ ਪਤੀਆਏ ਅਤੇ ਕੈਸੇ ਨਾਸਤਕਤਾ ਅਤੇ ਐਗਨਾਸਟਇਜ਼ਮ ਦੀ ਜ਼ਹਿਰ ਦੂਰ ਹੋ ਜਾਏ, ਕੇਵਲ ਗੁਰ ਪ੍ਰਸਾਦਿ ਹਰਿ ਗੁਰੂ ਦੀ ਕਿਰਪਾ ਕਰਿ ਹੀ ਐਸਾ ਪਾਰਸ ਰਸਾਉਣਾ ਸਿਮਰਨ ਹਰਿ ਸਿਮਰਨ ਪਰਾਪਤ ਹੁੰਦਾ ਹੈ ਜਿਹਨਾਂ ਨੂੰ ਹੋਇਆ ਹੈ ਪਤਪਾਤ ਅਤੇ ਸਿਮਰਨ ਪਰਾਪਤ ਕਰਿ ਹੋਏ ਹਨ ਅਦ੍ਰਿਸ਼ਟ ਦੇ ਦ੍ਰਿਸ਼ਟ ਦਰਸ਼ਨ, ਸੋ ਅਗਮ ਅਨੰਦਤ ਹੋ ਕੇ ਆ ਮੁਹਾਰੇ ਪੁਕਾਰ ਉਠੇ ਹਨ :-

ਨਿਧਿ ਸਿਧਿ ਰਿਧਿ ਹਰਿ ਹਰਿ ਹਰਿ ਮੇਰੈ ॥ ਜਨਮ ਪਦਾਰਥੁ ਗਹਿਰ ਗੰਭੀਰੈ ॥ ਲਾਖ ਕੋਟ ਖੁਸੀਆਂ ਰੰਗ ਗਾਵੈ ਜੋ ਗੁਰ ਲਾਗਾ ਪਾਈ ਜੀਉ ॥੧॥ ਦਰਸਨ ਖੇਪਤ ਭਏ ਪੁਨੀਤਾ ॥ ਸਗਲ ਉਧਾਰੇ ਭਾਈ ਮੀਤਾ॥ ਅਗਮ ਅਗੋਚਰ ਸੁਆਮੀ ਆਪਣਾ ਗੁਰ ਕਿਰਪਾ ਤੇ ਸਚ ਧਿਆਈ ਜੀਉ॥੨॥ ਜਾਕਉ ਖੋਜਹਿ ਸਰਬ ਉਪਾਏ॥ ਵਡਭਾਗੀ ਦਰਸਨ ਕੋ ਵਿਰਲਾ ਪਾਏ॥ ਊਚ ਅਪਾਰ ਅਗੋਚਰ ਥਾਨਾ ਓਹ ਮਹਲੁ ਗੁਰੂ ਤੇ ਪਾਈ ਜੀਉ॥੩॥ ਗਹਿਰ ਗੰਭੀਰ ਅੰਮ੍ਰਿਤ ਨਾਮ ਤੇਰਾ॥ ਮੁਕਤਿ ਭਇਆ ਜਿਸ ਰਿਦੈ ਵਸੇਰਾ ॥ ਗੁਰਿ ਬੰਧਨ ਤਿਨਕੇ ਸਗਲੇ ਕਾਟੇ ਜਨ ਨਾਨਕ ਸਹਿਜ ਸਮਾਈ ਜੀਉ ॥੪॥੧੬॥

(ਮਾਝ ਮ: ੫)

ਵੇਖਿਆ ਉਪਰਲਾ ਵਾਕ ਕੀ ਕੀ ਚਮਤ ਚਮਕਾਉਂਦਾ ਕਉਤਕਾਉਂਦਾ ਹੈ । ਜੋ ਜੋ ਵਡਭਾਗਾ ਜਨ ਗੁਰਸਰਨਾਈ ਆਇਆ ਭਾਵ ਗੁਰਸਰ-ਨਾਈ ਆਇਕੇ ਸੀਸ ਗੁਰੂ ਜੀ ਨੂੰ ਭੇਟ ਕੇ ਸਤਿ-ਗੁਰੂ ਚਰਨੀ ਲਗਿਆ ਹੈ ਅਤੇ ਗੁਰਚਰਨੀ ਲਗ ਕੇ ਗੁਰ ਦੀਖਿਆ ਗੁਰਮੰਤ੍ਰ ਪਰਾਪਤੀ ਹਰਿ ਹਰਿ ਸਿਮਰਨ ਕਰਿ ਲਗਿਆ ਹੈ. ਉਸ ਨੂੰ ਇਸ ਸਿਮਰਨ ਪਰਾਪਤ ਕਰਿ ਨਿਧੀ ਸਿਧੀ ਰਿਧੀ ਦੀਸਹਿਜ ਪਰਾਪਤੀ ਹੋ ਗਈ ਹੈ. ਰਿਧੀ ਸਿਧੀ ਨਉ ਨਿਧੀ ਹੀ ਨਹੀਂ. ਮਨੁਖਾ ਜਨਮ ਦਾ ਮੁਖ ਪ੍ਰਯੋਜਨ ਪਦਾਰਥ ਗਹਿਰ ਗੰਭੀਰ ਵਾਹਿਗੁਰੂ ਦੇ ਦਰਸ਼ਨਾ ਦੀ ਪਰਾਪਤੀ ਭੀ ਹੋ ਗਈ ਹੈ, ਜਿਸ ਅਮੋਘ ਪਦਾਰਥ ਪਰਾਪਤਿ ਹੋਣ ਕਰਿ ਜਿਸ ਸ਼ਾਂਤੀ ਰੰਗ ਰਾਵਨ ਕਰਿ ਰੰਘ ਰਲੀਆਂ ਮਾਨਣ ਕਰਿ ਲਾਖ ਕੋਟ ਖੁਸ਼ੀਆਂ ਦੇ ਅਗੰਮੀ ਨਸ਼ੇ ਚੜ੍ਹ ਜਾਂਦੇ ਹਨ. ਐਸੇ ਗਹਿਰ ਗੰਭੀਰ ਦਰਸ਼ਨਾਂ ਨੂੰ ਪੇਖਨ ਹਾਰਾ ਆਪ ਤਾਂ ਖੁਦ ਪੁਨੀਤ ਹੋਣਾ ਹੀ ਸੀ ਉਹ



www.AKJ.Org

ਸਗੋਂ ਸਗਲ ਤਾਈ ਮੀਤਾਂ ਸੰਗਤਾਂ ਜਨਾਂ ਨੂੰ ਭੀ ਉਧਾਰ ਲੈਂਦਾ ਹੈ। ਇਉਂ ਅਪਨਾਇਆ ਹੋਇਆ ਅਗਮ ਅਗੋਚਰ ਸੁਆਮੀ ਗੁਰੂ ਦੀ ਕ੍ਰਿਪਾ ਪ੍ਰਸਾਦਿ ਕਰਿ ਫਿਰ ਸਗਲ ਉਧਾਰੇ ਹੋਏ ਭਾਈ ਮੀਤਾਂ ਜਨਾਂ ਵਲੋਂ ਦ੍ਰਿੜਤਾ ਸਹਿਤ ਧਿਆਇਆ ਜਾਂਦਾ ਹੈ। ਜਿਸ ਇਕ ਗੁਰਸਿਖ ਵਡਭਾਗੇ ਨੂੰ ਦਰਸ਼ਨ ਪਰਾਪਤ ਹੋ ਗਇਆ ਉਹ ਹੋਰਨਾਂ ਨੂੰ ਭੀ ਪ੍ਰੇਰ ਕੇ ਗੁਰ ਸਰਨਾਗਤ ਲਿਆਉਂਦਾ ਗੁਰ ਦੀਖਿਆ ਗੁਰ ਪਾਂਸੋਂ ਦ੍ਰਿੜਾਉਂਦਾ ਹੈ। ਇਸ ਵਰਤਮਾਨ ਸਮੇ ਵਿਖੇ ਸਿਵਾਏ ਸ੍ਰੀ ਗੁਰੂ ਗਰੰਥ ਸਾਹਿਬ ਦੇ ਹੋਰ ਕੋਈ ਗੁਰੂ ਨਹੀਂ, ਗੁਰੂ ਵਰੋਸਾਏ ਗੁਰਮੁਖ ਜਨ ਹੋਰਨਾਂ ਨੂੰ ਪ੍ਰੇਰ ਪ੍ਰੇਰ ਕੇ ਸ੍ਰੀ ਗੁਰੂ ਗਰੰਥ ਸਾਹਿਬ ਦੀ ਸਰਨਾਗਤ ਲਿਆ ਸ੍ਰੀ ਗੁਰੂ ਗਰੰਥ ਸਾਹਿਬ ਦੇ ਤਾਬੇ ਪੰਜਾਂ ਪਿਆਰਿਆਂ ਤੋਂ ਗੁਰਦੀਖਿਆ ਦਿਵਾ ਤਿਨਾਂ ਦਾ ਸਦਾ ਉਧਾਰ ਕਰਦੇ ਕਰਾਉਂਦੇ ਹਨ "ਇਉਂ ਸਗਲ ਉਧਾਰੇ ਭਾਈ ਮੀਤਾ" ਦਾ ਸਚਾ ਢੋਆ ਜੁੜਦਾ ਹੈ ਜਿਸ ਅਗਮ ਅਗੋਚਰ ਦੀ ਪਰਾਪਤੀ ਹਿਤ ਅਨਮਤੀਆਂ ਦੇ ਸਰਬ ਅਤੇ ਅਨੇਕ ਨਾਨਾ ਭਾਂਤੀ ਉਪਾਵ ਅਕਾਰਥ ਜਾਂਦੇ ਹਨ ਤਿਸਦੇ ਪਰਤੱਖ ਦਰਸ਼ਨ ਕੇਵਲ ਵਡਭਾਗੀ ਗੁਰਮੁਖ ਜਨਾਂ ਗੁਰੂ ਘਰ ਵਰਸੋਏ ਭਗਤ ਜਨਾਂ ਨੂੰ ਹੀ ਪਰਾਪਤ ਹੁੰਦੇ ਹਨ। ਸਚਮੁਚ ਐਸੇ ਗੁਰਮੁਖ ਜਨ ਵਡਭਾਗੀ ਸੰਸਾਰ ਵਿਖੇ ਵਿਰਲੇ ਥੋੜੇ ਹੀ ਹਨ. ਸਾਰੀ ਕਾਇਨਾਤੀ ਅਸੰਖ ਕਰੋੜੀ ਬੇਸ਼ੁਮਾਰ ਅਲਖ ਰਚਨਾ ਦੇ ਮੁਕਾਬਲੇ ਵਿਚ ਗੁਰੂ ਘਰੋਂ ਅਜੇਹੇ ਵਰਸੋਏ ਹਨ ਸਚਮੁਚ ਹੀ ਵਿਰਲਿਆਂ ਦੀ ਗਿਣਤੀ ਵਿਚ ਸ਼ੁਮਾਰ ਹੁੰਦੇ ਹਨ। ਐਸੇ ਅਗਮ ਅਗੋਚਰ ਦਰਸ਼ਨ ਲਖੀਸ਼ਰੀ ਵਿਰਲੀਸ਼ਰੀ ਗੁਰਮੁਖ ਜਨਾਂ ਦਾ ਮਰਤਬਾ ਭੀ ਊਚ ਅਪਾਰ ਅਗੰਮੀ ਥਾਨੀਸ਼ੁਰੀ ਹੁੰਦਾ ਹੈ। ਅਜਿਹਾ ਐਸਾ ਅਗਮ ਮਹੱਤਵੀ ਊਚ ਮਹਲ ਥਾਨ ਕੇਵਲ ਗੁਰਪ੍ਰਸਾਦਿ ਕਰਿ ਗੁਰੂ ਘਰਿ ਨਿਵਾਜਿਆ ਗੁਰਮਤਿ ਮਤਿ ਅਵਲੰਬੀਆਂ ਨੂੰ ਹੀ ਪ੍ਰਾਪਤ ਹੁੰਦਾ ਹੈ। ਕਿਉਂਕਿ ਗੁਰਮਤਿ ਨਾਮ ਗੁਰਮੰਤ੍ਰੀ ਦੀਖਿਆ ਦੀ ਪ੍ਰਾਪਤੀ ਹੋਰ ਕਿਤੋਂ ਨਹੀਂ। ਏਹ ਗੁਰਮੰਤ੍ਰ ਗੁਪਤ ਨਾਮ ਕੇਵਲ ਗੁਰੂ ਨਾਨਕ ਸਾਹਿਬ ਨੇ ਹੀ ਧੁਰ ਦਰਗਾਹੋਂ ਲਿਆਂਦਾ ਹੈ। ਇਥੇ ਹੋਰ ਕਿਸੇ ਦੀ ਗੰਮਤਾ ਨਹੀਂ ਸੀ। ਏਸੇ ਕਰਕੇ ਗੁਰਮੰਤ੍ਰ ਗੁਰਮਤਿ ਨਾਮ ਗਹਿਰ ਗੰਭੀਰ ਹੈ ਅਤੇ ਇਸ ਵਿਚ ਪਾਰਸ ਪਾਰਸਾਂ ਦੀ ਅੰਮ੍ਰਿਤ ਕਲਾ ਵੀ ਹੈ। ਹੇ ਵਾਹਿਗੁਰੂ ਇਸ ਤੇਰੇ ਗਹਿਰ ਗੰਭੀਰ ਅੰਮ੍ਰਿਤ ਨਾਮ ਦਾ ਜਿਸ ਰਿਦੇ ਵਿਖੇ ਬਸੇਰਾ ਹੋ ਗਿਆ, ਉਹ ਰਿਦੀਸ਼ਰ ਜਨ ਮੁਕਤ ਭਇਆ ਹੈ, ਸਤਿਗੁਰੂ ਨੇ ਉਸ ਦੇ ਸਗਲੇ ਬੰਧਨ ਜਨਮ ਮਰਨ ਦੇ ਕਟ ਦਿਤੇ ਹਨ। ਅਤੇ ਉਹ ਸਦਾ ਲਈ ਸਹਿਜ ਪਦ ਵਿਚ ਆਇ ਗਿਆ ਹੈ। (ਇਹ ਉਪਰੰਤ ਗੁਰ ਵਾਕ ਦੀ ਤਤ ਵਿਆਖਿਆ ਹੀ ਅਨੁਵਾਦ ਹੈ।)

ਐਸੇ ਗਿਆਨ ਵਿਰਲੀਸ਼ਰਾਂ ਦੇ ਹਿਰਦੇ ਅੰਦਰ ਗੁਰੂ ਕਰਤਾਰ ਦੇ ਅਗਮ ਅਪਾਰੀਏ ਜੋਤ ਜਲਵਨੀ ਚਰਨ ਆਇ ਵੁਠਦੇ ਹਨ। ਤਿਨਾਂ ਨੂੰ ਪ੍ਰਭੂ ਤੁਠੇ ਨੇ ਸਰਬ ਸੁਖ ਸੁਭਾਇ ਦਿਤੇ ਹਨ। ਤਿਨ ਗੁਰਚਰਨ ਵੁਠੀਸ਼ਰਾਂ ਦੀ ਲਿਵ ਅੰਤਰੀ ਸਹਿਜ ਸਮਾਧ ਲਗ ਜਾਂਦੀ ਹੈ। ਇਹ ਸਹਿਜ ਸਮਾਧ ਕੋਈ ਸੁਨ ਮਸੁੰਨ ਖੁਸ਼ਕ ਸੁਨਤਾ ਵਾਲੀ ਨਹੀਂ ਹੁੰਦੀ ਪਰੰਤੂ ਅਗਾਧ ਰਸ ਜੋਤਿ ਸੁਭਰਭਰੀ ਹੁੰਦੀ ਹੈ। ਇਸ ਲਿਵ



www.AKJ.Org

ਸਹਿਜ ਬਿਵਸਥਾ ਵਾਲੇ ਜੋਤਿ ਜੋਤੰਬਰੋ ਰਸ ਨੂੰ ਕੇਵਲ ਰਸ ਲੈਣ ਹਾਰੇ ਹੀ ਜਾਣਦੇ ਹਨ ਹੋਰ ਕੋਈ ਨਹੀਂ ਜਾਣ ਸਕਦਾ । ਜਿਸ ਨੂੰ ਸਾਰ ਹੀ ਨਹੀਂ ਯਥਾ ਗੁਰਵਾਕ :-

(ਮਾਝ ਮਃ ੫)

ਸਭੇ ਸੁਖ ਭਏ ਪ੍ਰਭ ਤੁਠੇ॥ ਗੁਰ ਪੂਰੇ ਕੇ ਚਰਨ ਮਨ ਵੁਠੇ॥ ਸਹਿਜ ਸਮਾਧ ਲਗੀ ਲਿਵ ਅੰਤਰਿ ਸੋ ਰਸ ਸੋਈ ਜਾਣੈ ਜੀਉ॥੧॥ ਅਗਮ ਅਗੋਚਰ ਸਾਹਿਬ ਮੇਰਾ॥ ਘਟ ਘਟ ਅੰਤਰ ਵਰਤੈ ਨੇਰਾ॥ ਸਦਾ ਅਲਿਪਤ ਜੀਆ ਕਾ ਦਾਤਾ ਕੋ ਵਿਰਲਾ ਆਪ ਪਛਾਣੈ ਜੀਉ ॥

ਗੁਰਪ੍ਰਸਾਦਿਨੀ ਗੁਰਦੀਖਿਆ ਬਿਹੂਣ ਅਣਮਤ ਅਵਲੰਬੀ ਸਾਧਿਕ ਸਿਧ ਗਿਆਨੀ ਧਿਆਨੀ ਬਥੇਰੇ ਧਿਆਉਂਦੇ ਹਨ, ਮਨ ਹਠ ਕਰਾਉਂਦੇ ਫਿਰਦੇ ਹਨ ਪਰ ਤਿਨਾਂ ਪਾਸੋਂ ਅਗਮ ਅਗੋਚਰ ਵਾਹਿਗੁਰੂ ਦੀ ਕਿਛ ਮਿਤ ਨਹੀਂ ਜਾਣੀ ਗਈ । ਜਿਸ ਅਗਮ ਅਗੋਚਰ ਪਾਰਬ੍ਰਹਿਮ ਦੀ ਗਤਿ ਮਿਤ ਪਾਉਣ ਖਾਤਰ ਉਹ ਭੰਬਲ ਭੂਸੇ ਖਾਂਦੇ ਫਿਰਦੇ ਹਨ ਉਸ ਪਾਰਬ੍ਰਹਿਮ ਪਰਮੇਸ਼ਰ ਅਦ੍ਰਿਸ਼ਟ ਅਗੋਚਰ ਦਾ ਸਤਿਗੁਰੂ ਦੀ ਕਿਰਪਾ ਕਰਿ ਗੁਰਸਿਖ ਦੇ ਮਨ ਮੰਝਾਰ ਹੀ ਪਰਕਾਸ਼ ਉਜਿਆਰਾ ਹੋ ਗਇਆ ਹੈ ਤਿਨਾ ਦਾ ਸਗਲਾ ਅਗਿਆਨ ਅੰਧਿਆਰਾ ਅਤੇ ਮਨਮਤਸਰੀ ਖੁਦੀ ਤਕਬਰੀ ਦਾ ਭਰਮ ਭੁਲਾਵਾ ਸਭ ਮਿਟ ਗਿਆ ਹੈ । ਸਰਬ ਪਾਸਿਆਂ ਤੋਂ ਘੁਥਿਆ ਹੋਇਆ ਜੋ ਮਨਸ਼ਾ ਧਾਰ ਕੇ ਸਰਧਾ ਸੰਯੁਕਤ ਗੁਰੂ ਘਰ ਦੀ ਸੰਗਤ ਵਿਖੇ ਆਉਂਦਾ ਹੈ, ਉਸ ਦਾ ਜਨਮ ਮਰਨ ਦਾ ਸਗਲ ਸਹਿਸਾ ਮਿਟ ਜਾਂਦਾ ਹੈ । ਚਉਰਾਸੀਹ ਦਾ ਗੇੜ ਹੀ ਉਸਦਾ ਨਿਵਾਰਿਆ ਜਾਂਦਾ ਹੈ । ਉਸਦੇ ਸਗਲ ਆਸਾ ਮਈ ਮਨੋਰਥ ਪੂਰੇ ਹੋ ਜਾਂਦੇ ਹਨ, ਪਾਰਸਮਈ ਗੁਰੂ ਘਰ ਦੇ ਅਤੇ ਗੁਰੂ ਸਰੂਪ ਸਾਧ ਸੰਗਤ ਦੇ ਦਰਸ਼ਨ ਪਰਸਨ ਸਾਰ ਹੀ ਨਿਗੁਰਿਉਂ ਸੁਗੁਰੇ ਹੋ ਕੇ ਅੰਮ੍ਰਿਤਧਾਰੀ ਸਚਿ ਦਰਬਾਰੀ ਭੇਟਨ-ਹਾਰੀ ਹੋਣ ਸਾਰ ਹੀ ਅਤੇ ਗੁਰਮੰਤ੍ਰ ਗੁਰ ਦੀਖਿਆ ਮਿਲਨਸਾਰ ਹੀ ਉਹ ਫੇਰ ਗੁਣ ਨਿਧਾਨ ਅੰਮ੍ਰਿਤ ਹਰਿ ਨਾਮ ਨੂੰ ਧਿਆਇ 2 ਜੀਉਂਦੇ ਹਨ ਅਤੇ ਸੁਖ ਜੀਵਨੀ ਜੀਵੰਦੇ ਵਿਗਸਾਉਂਦੇ ਹਨ । ਐਸਾ ਅਦ੍ਰਿਸ਼ਟ ਅਗੋਚਰ ਪ੍ਰਭੂ ਇਉਂ ਉਹਨਾਂ ਦਾ ਜੀਅਪ੍ਰਾਨ ਮਨਹਿ ਅਧਾਰਾ ਹੋ ਜਾਂਦਾ ਹੈ ਅਤੇ ਭਗਤ ਜਨ ਓਸਦੇ ਅਪਾਰ ਗੁਣਾਂ ਨੂੰ ਗਾਇ ਗਾਇ ਹਰੇ ਥੀਵੰਦੇ ਹਨ, ਯਥਾ ਗੁਰਵਾਕ :-

(ਮਾਝ ਮ: ੫)

ਜੀਅ ਪ੍ਰਾਨ ਪ੍ਰਭ ਮਨਹਿ ਅਧਾਰਾ ॥ ਭਗਤ ਜੀਵਹਿ ਗੁਣ ਗਾਇ ਅਪਾਰਾ ॥ ਗੁਣ ਨਿਧਾਨ ਅੰਮ੍ਰਿਤ ਹਰਿ ਨਾਮਾ ਹਰਿ ਧਿਆਇ ਧਿਆਇ ਸੁਖ ਪਾਇਆ ਜੀਉ ॥੧॥ ਮਨਸਾ ਧਾਰ ਜੋ ਘਰ ਤੇ ਆਵੈ ॥ ਸਾਧ ਸੰਗ ਜਨਮ ਮਰਨ ਮਿਟਾਵੈ ॥ ਆਸ ਮਨੋਰਥ ਪੂਰਨ ਹੋਵੇ ਭੇਟਤ ਗੁਰ ਦਰਸਾਇਆ ਜੀਉ ॥੨॥ ਅਗਮ ਅਗੋਚਰ ਕਿਛ ਮਿਤ ਨਹੀਂ ਜਾਣੀ ॥ ਸਾਧਿਕ ਸਿਧ ਧਿਆਵਹਿ ਗਿਆਨੀ ॥ ਖੁਦੀ ਮਿਟੀ ਚੂਕਾ ਭੋਲਾਵਾਗੁਰ ਮਨਹੀਮਹਿ ਪ੍ਰਗਟਾਇਆ ਜੀਉ ॥੩॥ ਅਨਦ ਮੰਗਲ ਕਲਿਆਨ ਨਿਧਾਨਾ । ਸੂਖ ਸਹਿਜ ਕਰਿ ਨਾਮੁ ਵਖਾਨਾ ॥ ਹੋਇ ਕ੍ਰਿਪਾਲ ਸੁਆਮੀ ਅਪਨਾ ਨਾਉ ਨਾਨਕ ਘਰਿ ਮਹਿ ਪਾਇਆ ਜੀਉ ॥੪॥

ਅਨਦ ਮੰਗਲ ਮਈ ਕਲਿਆਨ ਦਾ ਨਿਧਾਨ



www.AKJ.Org

ਉਸਨੂੰ ਪ੍ਰਾਪਤ ਹੋਇਆ ਹੈ ਜਿਸ ਨੇ ਸੁਖ ਸਹਿਜ ਨਾਮ ਵਖਾਨਿਆਂ ਸਿਮਰਨ ਸਿਮਰਾਨਿਆ ਜਾਪ ਜਪਾਨਿਆ ਹੈ । ਨਾਮ ਨਿਧਾਨੀ ਪਰਧਾਨੀ ਨਾਮੀ ਵਾਹਿਗੁਰੂ ਸੁਆ-ਮੀ ਅਗਮ ਅਗਾਮੀ ਉਸ ਦੇ ਹਿਰਦੇ ਰੂਪੀ ਘਟ ਅੰਦ-ਰਿ ਜੋਤ ਜੋਤੀਸ਼ਰ ਹੋਇ ਆਇ ਪ੍ਰਗਟੰਦੇ ਹਨ । ਗੁਰੂ ਨਾਨਕ ਸਾਹਿਬ ਜਾਚਨਾ ਜਚਾਉਂਦੇ ਹਨ ਅਤੇ ਅਸਾਡੇ ਪ੍ਰਤੀ ਜਾਚਨਾ ਜਚਾਉਣੀ ਸਿਖਾਉਂਦੇ ਹਨ ਕਿ ਐਸੇ ਜੋਤੀਸ਼ ਘਟ, ਪ੍ਰਗਟੀਸ਼ਰਾਂ ਸੰਤ ਜਨਾਂ ਦੀ ਹੇ ਪਿਆਰੇ ਪ੍ਰੀਤਮ ਸਿਰਜਨਹਾਰ ਕਰਤਾਰ ਸਾਨੂੰ ਖਾਕ ਧੂੜੀ ਪਾਕ ਦੇਹ, ਹੇ ਹਰੀ ਪ੍ਰਮਾਤਮਾ ਤੇਰੇ ਦੁਆਰੇ ਆਇ ਪਏ ਹਾਂ । ਐਸੇ ਸੰਤਾਂ ਦਾ ਦਰਸ਼ਨ ਪੇਖ ਪਰਸ ਕੇ ਹੀ ਮਨ ਅਘਾਇ ਜਾਂਦਾ ਹੈ ਅਤੇ ਤਿਨਾਂ ਦੇ ਸੰਗ ਮਿਲਕੇ ਅਦ੍ਰਿਸ਼ਟ ਅਗੋਚਰ ਪਰਮਾਤਮਾ ਦਾ ਮਿਲਣਾ ਸੁਭਾਇ ਸਹਿਜਾਨਾ ਹੀ ਹੋ ਜਾਂਦਾ ਹੈ, ਨਹੀਂ ਤਾਂ ਹੇ ਅਗੰਮ ਅਗੋਚਰ ਬੇਅੰਤ ਅਥਾਹਾ ਪ੍ਰਮੇਸ਼ਰਾ ਹੋਰ ਕਿਸੇ ਤੋਂ ਤੇਰੀ ਕੀਮਤ ਕਹੀ ਕਥੀ ਨਹੀਂ ਜਾਂਦੀ। ਜਿਸ ਨੂੰ ਤੂੰ ਜਣਾ-ਉਂਦਾ ਹੈਂ, ਸੋਈ ਤੁਧਨੂੰ ਜਾਣ ਪਛਾਣ ਸਕਦਾ ਹੈ । ਨਾ ਕੋਈ ਮੂਰਖ ਹੈ ਨਾ ਸਿਆਣਾ ਹੈ ਸਭ ਵਿਚ ਤੇਰਾ ਭਾਣਾ ਵਰਤਦਾ ਹੈ, ਯਥਾ ਗੁਰਵਾਕ :-

"ਨਾ ਕੋ ਮੂਰਖ ਨਾ ਕੋ ਸਿਆਨਾ ॥ ਵਰਤੈ ਸਭ ਕਿਛ ਤੇਰਾ ਭਾਣਾ ॥ ਅਗਮ ਅਗੋਚਰ ਬੇਅੰਤ ਅਥਾਹਾ ਤੇਰੀ ਕੀਮਤ ਕਹਿਣ ਨ ਜਾਈ ਜੀਉ ॥ ਖਾਕ ਸੰਤਨ ਕੀ ਦੇਹ ਪਿਆਰੇ ॥ ਆਇ ਪਇਆ ਹਰਿ ਤੇਰੇ ਦੁਆਰੇ ॥ ਦਰਸਨ ਪੇਖਤ ਮਨ ਆਘਾਵੈ ਨਾਨਕ ਮਿਲਣ ਸੁਭਾਈ ਜੀਉ ॥ (ਮਾਝ ਮ: ੫)

ਨਿਰੰਕਾਰ ਵਾਹਿਗੁਰੂ ਜਿਸਦਾ ਤ੍ਰੈਗੁਣੀ ਅਕਾਰ ਕੋਈ ਨਹੀਂ, ਨਾ ਰੂਪ ਹੈ ਨ ਰੇਖ ਹੈ ਨ ਰੰਗ ਹੈ, ਉਹ ਭਲਾ ਪੰਜ ਭੂਤਕ ਅਲਪੱਗ ਦ੍ਰਿਸ਼ਟੀ ਦਾ ਵਿਸ਼ਾ ਸਨਮੁਖ ਵਿਸ਼ਾ ਕਦ ਹੋ ਸਕਦਾ ਹੈ, ਜਿਨ੍ਹਾਂ ਨੂੰ ਦਿਬ ਦ੍ਰਿਸ਼ਟੇ ਦੀਦਿਆਂ ਦੀ ਬਖਸ਼ਿਸ਼ ਹੋਈ ਹੁੰਦੀ ਹੈ, ਉਨ੍ਹਾਂ ਨੂੰ ਪਹਿਲਾਂ ਨਿਰੰਕਾਰੀ ਨਾਮ ਧਿਆਵਣ ਦੀ ਨਦਰ ਗੁਰੂ ਦੁਆਰਿਓਂ ਹੋ ਜਾਂਦੀ ਹੈ । ਗੁਰ ਪ੍ਰ-ਸਾਦਿ ਕਰਿ ਨਿਰੰਕਾਰੀ ਨਾਮ ਧਿਆਇ ਕੇ ਉਹਨਾਂ ਦੇ ਦਿਬ ਦ੍ਰਿਸ਼ਟੀ ਵਾਲੇ ਦੀਦੇ ਖੁਲ੍ਹ ਜਾਂਦੇ ਹਨ । ਦਿਬ ਦ੍ਰਿਸ਼ਟੇ ਖੁਲ੍ਹਣ ਸਾਰ ਉਹਨਾਂ ਨੂੰ ਉਸ ਅਦ੍ਰਿਸ਼ਟ ਅਗੋਚਰ ਆਦਿ ਪੁਰਖ ਅਪਰੰਪਰ ਸੁਆਮੀ ਦੇ ਪਰ-ਤੱਖ ਦਰਸ਼ਨ ਹੋ ਜਾਂਦੇ ਹਨ । ਉਹ ਸੁਆਮੀ ਜੋ ਅਦ੍ਰਿਸ਼ਟਾ ਅਗਮ ਅਗੋਚਰਾ ਹੁੰਦਾ ਹੋਇਆ ਇਸ ਦ੍ਰਿਸ਼ਟਮਾਨ ਪਸਾਰੇ ਦਾ ਅਸਥਾਪਨ ਕਰਨਹਾਰਾ ਅਤੇ ਥਾਪ ਉਥਾਪਨ ਹਾਰਾ ਹੈ. ਕੈਸਾਂ ਅਸਚਰਜ ਹੈ, ਥਾਪਨ ਹਾਰ ਦੀ ਥਾਪਨਾ ਹੈ ਜਿੱਨਾਂ ਦ੍ਰਿਸ਼ਟਮਾਨ ਪਸਾਰਾ ਦੀਹਦਾ ਹੈ । ਪਰ ਥਾਪਨ ਹਾਰਾ ਦਿਸਦਾ ਹੀ ਨਹੀਂ । ਦਿਸੇ ਕਿਵੇਂ, ਉਸ ਨੂੰ ਦੇਖਣ ਹਾਰ ਦਿਬ ਦੀਦੇ ਹੀ ਕਿਸੇ ਦੇ ਨਹੀਂ। ਦਿਬ ਲਤੀਫੀ ਅਨਸਰਾਂ ਵਾਲੇ ਤੁਰੀਆਗੁਣੀ ਥਾਪਨੀਸਰੀ ਈਸ਼ਰ ਦੀ ਦਿਬ ਲਤੀਫੀ ਦ੍ਰਿਸ਼ਟੀ ਵਾਲੀਆਂ ਨੈਣਾਂ ਹੀ ਪੇਖ ਪਛਾਣ ਸਕਦੀਆਂ ਹਨ । ਗੁਰੂ ਘਰ ਦੇ ਗੁਰਮੁਖ ਜਨਾਂ ਨੂੰ ਏਹ ਅਖੜੀਆਂ ਅਤਾ ਹੋਈਆ ਹਨ । ਜਿਨ੍ਹਾਂ ਦੁਆਰਾ ਅਲਖ ਨਿਰੰ-ਜਨ ਨਿਰੰਕਾਰ ਕਰਤਾਰ ਸਹੀਰਨ ਸ਼ਾਖਸ਼ਾਤ ਦਿਸਦਾ ਹੈ, ਗੁਰਮੁਖ ਜਨਾਂ ਦੀਆਂ ਅਲਖ ਲਖਵਾਣੀਆਂ ਅਲ-ਖ ਨੂੰ ਲਖਣੀਆਂ ਅਖੜੀਆਂ ਹੀ ਇਹ ਦਿਬ ਦ੍ਰਿਸ਼-ਟਾਰ ਦਿੱਬ ਅਕਾਲ ਮੂਰਤਾਰਕਾ ਦੀਦਾਰ ਕਰ ਸਕ-ਦੀਆਂ ਹਨ । ਇਹ ਦਿੱਬ ਦ੍ਰਿਸਟੀ ਅਰੜੇ ਨੈਨ ਤਿਨਾਂ ਗੁਰਮੁਖਾਂ ਨੂੰ ਹੀ ਮਿਲਦੇ ਹਨ ਜਿਨ੍ਹਾਂ ਨੂੰ ਦਇਆਲ



www.AKJ.Org

ਕਿਰਪਾਲ ਪ੍ਰਭੂ ਆਪ ਨਦਰੀ ਨਦਰ ਨਿਹਾਲ ਹੋਇ ਗੁਰ ਪ੍ਰਸਾਦਿ ਕਰਿ ਨਿਰੰਕਾਰੀ ਨਾਮ ਦੀ ਬਖਸ਼ਸ਼ ਕਰਦਾ ਹੈ । ਨਿਰੰਕਾਰੀ ਨਾਮ ਅਭਿਆਸ ਜਾਪ ਕਰਦਾ ਹੋਇਆ, ਉਹ ਖੁਦ ਨਾਮ ਨਿਰੰਕਾਰ ਦੇ ਸਰੂਪ ਵਿਚ ਹੀ ਸਮਾਇ ਜਾਂਦਾ ਹੈ, ਹੇ ਵਾਹਿਗੁਰੂ ਕਰਤਾਰ ਤੂੰ ਆਪੇ ਸੱਚਾ ਸਿਰਜਨਹਾਰ ਹੈਂ ਤੂੰ ਭਗਤੀ ਭਰੇ ਭੰਡਾਰ ਵਾਲਾ ਹੈਂ । ਜਿਨ੍ਹਾਂ ਗੁਰਮੁਖਾਂ ਨੂੰ ਤੇਰੀ ਸਚੜੀ ਗੁਰੂ ਦਰਗਾਹੀ ਟਕਸਾਲ ਤੋਂ ਅਕਾਲ ਮੂਰਤਾਲੀ ਨਾਮ ਮਿਲਦਾ ਹੈ ਤਿਨਾਂ ਦਾ ਹੀ ਮਨ ਭਿਜਦਾ ਹੈ। ਤੇ ਸਚੇ ਦਰਸ਼ਨਾਂ ਨੂੰ ਦੇਖਦਾ ਪਤੀਜਦਾ ਹੈ। ਐਸੇ ਸਦ ਰੰਗ ਢੋਲੇ ਦੇ ਰਤੋਲੜੇ ਚੋਲੜਿਆਂ ਵਾਲੇ ਗੁਰਮੁਖ ਜਨ ਰਬੀ ਰੰਗ ਨਾਲ ਭਿਜ ਪਰਸਿੱਜ ਕੇ ਨਾਮੀ ਵਾਹਿਗੁਰੂ ਨੂੰ ਪੇਖਣ ਸਾਰ ਹੀ ਉਸ ਦੇ ਸਰੂਪ ਵਿਚ ਸਹਿਜ ਸਮਾਧ ਸਥਿਤ ਹੋ ਜਾਂਦੇ ਹਨ । ਸਹਿਜ ਸਮਾਧ ਸਮਾਇਕੇ ਉਹਨਾਂ ਦੀ ਸਹਿਜ ਸਮਾਧੀ ਲਗੀ ਹੀ ਰਹਿੰਦੀ ਹੈ। ਇਸ ਸਹਿਜ ਲਗੀ ਸਮਾਧੀ ਵਿਚ ਭੀ ਉਹਨਾਂ ਦੀ ਪ੍ਰੇਮ ਰੰਗ ਪ੍ਰਸਿਜੜੀ ਟੇਰ ਪੁਕਾਰ ਏਹੋ ਰਹਿੰਦੀ ਹੈ :-ਹੇ ਪ੍ਰਭੂ ਪ੍ਰੀਤਮ ਮੇਰੇ ਮੈਂ ਅਨਦਿਨ (ਦਿਨ ਰਾਤ) ਤੇਰੇ ਗੁਨ ਗੌਂਦਾ ਹੀ ਰਹਾਂ । ਤੈਨੂੰ ਸਲਾਹੁੰਦਾ ਸਿਫਤਾਉਂਦਾ ਹੀ ਰਹਾਂ ਗੁਰ ਪ੍ਰਸਾਦੀ ਤੈਨੂੰ ਪਾਵਨ ਹਾਰਿਆਂ ਦਰਸਾਵਨ ਹਾਰਿਆਂ ਦੀ ਹੋਰ ਜਾਚਨਾ ਹੀ ਕੋਈ ਨਹੀਂ ਰਹਿੰਦੀ, ਨਾ ਹੋਰ ਮਨੋ ਉਹ ਜਾਚਨਾ ਕਰਦੇ ਹਨ। ਹੇ ਸੱਚੇ ਪਾਤਸ਼ਾਹ, ਸਚਮੁਚ ਤੁਧ ਅਗਮ ਅਗੋਚਰ ਦੀ ਗਤਿ ਮਿਤ ਪਾਈ ਹੀ ਨਹੀਂ ਜਾਂਦੀ। ਜਿਸਨੂੰ ਤੂੰ ਆਪਣੀ ਕਿਰਪਾ ਕਰਹਿ ਤਿਸਨੂੰ ਆਪ ਆਪਣੇ ਸਰੂਪ ਅਨੂਪ ਦਰਸ਼ਨ ਅਨੂਪ ਵਿਖੇ ਮਲਾਇ ਵਸਲਾਇ ਲਵੇਂ । ਇਹ ਅਨੂਪ ਵਸਲ ਮਿਲਾਪ ਗੁਰੂ ਰੇਪੂ ਦੇ ਸ਼ਬਦ ਅਭਿਆਸ ਪਰਤਾਪ ਕਰਿ ਨਸੀਬ ਹੁੰਦਾ ਹੈ। ਬਸ਼ ਗੁਰ ਸ਼ਬਦ ਦੀ ਅਭਿਆਸ ਸੇਵ ਕਮਾਈ ਸਰਬ ਸੁਖਾਂ ਸਿਰ ਸੁਖ ਸਚੜੇ ਸੁਖਾਂ ਦੀ ਦਾਤੀ ਪਰਦਾਤੀ ਹੈ। ਯਥਾ ਗੁਰਵਾਕ :-

(ਮਾਝ ਮਹਲਾ ੪)

ਆਦਿ ਪੁਰਖ ਅਪਰੰਪਰ ਆਪੇ ॥ ਆਪੇ ਥਾਪੇ ਥਾਪਿ ਉਥਾਪੇ॥ ਸਭ ਮਹਿ ਵਰਤੈ ਏਕੋ ਸੋਈ ਗੁਰਮੁਖਿ ਸੋਭਾ ਪਾਵਣਿਆ॥੧॥ ਹਉ ਵਾਰੀ ਜੀਉ ਵਾਰੀ ਨਿਰੰਕਾਰੀ ਨਾਮੁ ਧਿਆਵਣਿਆ॥ ਤਿਸ ਰੂਪ ਨ ਰੇਖਿਆ ਘਟਿ ਘਟਿ ਦੇਖਿਆ ਗੁਰਮੁਖ ਅਲਖ ਲਖਾਵਣਿਆ॥੧॥ਰਹਾਉ॥ ਤੂ ਦਿਆਲ ਕ੍ਰਿਪਾਲ ਪ੍ਰਭ ਸੋਈ॥ ਤੁਧ ਬਿਨਾ ਦੂਜਾ ਅਵਰ ਨਾ ਕੋਈ॥ ਗੁਰ ਪਰਸਾਦੁ ਕਰੇ ਨਾਮ ਦੇਵੇ ਨਾਮੇ ਨਾਮ ਸਮਾਵਣਿਆ॥੨॥ ਤੂੰ ਆਪੇ ਸੱਚਾ ਸਿਰਜਨਹਾਰਾ ॥ਭਗਤੀ ਭਰੇ ਤੇਰੇ ਭੰਡਾਰਾ ॥ ਗੁਰਮੁਖ ਨਾਮ ਮਿਲੈ ਮਨ ਭੀਜੈ ਸਹਿਜ ਸਮਾਧ ਲਗਾਵਣਿਆ॥੩॥ ਅਨਦਿਨ ਗੁਣ ਗਾਵਾ ਪ੍ਰਭ ਤੇਰੇ ॥ ਤੁਧ ਸਾਲਾਹੀ ਪ੍ਰੀਤਮ ਮੇਰੇ॥ ਤੁਧ ਬਿਨ ਅਵਰ ਨ ਕੋਈ ਜਾਣਾ ਗੁਰਪ੍ਰਸ਼ਾਦੀ ਤੂੰ ਪਾਵਣਿਆ ॥੪॥ ਅਗਮ ਅਗੋਚਰ ਮਿਤ ਨਹੀਂ ਪਾਈ॥ ਆਪਣੀ ਕ੍ਰਿਪਾ ਕਰਹਿ ਤੂੰ ਲੈਹਿ ਮਿਲਾਈ॥ ਪੂਰੇ ਗੁਰ ਕੈ ਸ਼ਬਦ ਧਿਆਈਐ ਸਬਦਿ ਸੇਵ ਸੁਖ ਪਾਵਣਿਆ॥੫॥.........

ਜੈਸੇ ਨਾਮ ਰਤਨ ਘਟ ਅੰਦਰਿ ਗੁਝਾ ਰਖਿਆ ਪਿਆ ਹੈ, ਹੈ ਘਟ ਅੰਤਰ ਹੀ, ਪਰ ਕਿਸੇ ਨੂੰ ਇਸ ਦਾ ਕੁਝ ਪਤਾ ਨਹੀਂ ਲਗਦਾ । ਅਲਖ ਹੀ ਰਹਿੰਦਾ ਹੈ, ਲਖਿਆ ਨਹੀਂ ਜਾਂਦਾ । ਗੁਰਸ਼ਬਦ ਮੰਤ੍ਰ ਦੀ

ਕਮਾਈ ਨਾਲ ਐੜ੍ਹੀਵੀ ਜੋਤ ਰਤਨ ਨਾਮੁ ਪਰਜੁ-ਅਲਤ ਹੋਇ ਆਂਵੰਦਾ ਹੈ; ਏਸੇ ਤਰ੍ਹਾਂ ਅਗਮ ਅ-ਗੋਚਰ ਸਭਿ ਤੇ ਊਚਾ ਅਕਾਲ ਪੁਰਖ ਅਦ੍ਰਿਸ਼ਟ ਅਤੇ ਅਲਖ ਹੀ ਰਹਿੰਦਾ ਹੈ, ਜਦ ਤਾਈਂ ਗੁਰਸ਼ਬਦ ਦੀ ਅਭਿਆਸ ਕਮਾਈ ਨਾਮ ਨਾਮੀ ਅਭੇਦ ਆਤਮ ਪਰਮਾਤਮ ਜੋਤਿ ਨੂੰ ਪ੍ਰਕਾਸ਼ ਰੂਪ ਵਿਚ ਪ੍ਰਤੀਬਿੰਬਤ ਨਹੀਂ ਕਰ ਦਿੰਦੀ. ਤਾਂਤੇ ਸ਼ਬਦ ਦਾ ਅਭਿਆਸ ਦੁ-ਵੱਲੇ ਸਵਲੇ ਪਰਮਾਰਥ ਸਚਿ ਲਾਹੇ ਪਰਦਾਨ ਕਰਦਾ ਹੈ. ਨਾਮ ਅਮਿਤ ਰਤੰਨੀ ਜੋਤਿ ਆਤਮ ਪਰਮਾਤਮ ਅਭੇਦਤਾ ਦੇ ਪ੍ਰਚੰਡ ਸਰੂਪ ਵਿਚ ਗੁਪਤੋਂ ਅਗੁਪਤ ਉਦੇ ਹੋਇ ਆਵੰਦੀ ਹੈ। ਗੁਝੋਂ ਅਗੋਝ ਹੋ ਜਾਂਦੀ ਹੈ, ਗੋਝ ਗੁਪਤ ਦਸ਼ਾ ਵਿਚ ਆਤਮ ਪ੍ਰਮਾਤਮ ਰੰਗਾਂ ਦਾ ਲੁਪਤ ਰਹਿਣਾ ਇਸ ਗਲ ਦਾ ਸਬੂਤ ਨਹੀਂ ਕਿ ਇਨਾਂ ਦਾ ਵਜੂਦ ਹੀ ਕੁਝ ਨਹੀਂ. ਨੇਸਤੋ ਨਾਬੂਦ ਹੀ ਹਨ। ਜੈਸੇ ਅਗਨੀ ਕਾਸਟ ਪਾਹਨ ਜਲ ਬਨਾਸਪਤੀ ਅੰਦਰ ਗੋਪ ਲੋਪ ਹੀ ਰਹਿੰਦੀ ਹੈ. ਜਦ ਤਾਈਂ ਕਿ ਇਸ ਨੂੰ ਜੁਗਤ ਸੇਤੀ ਪ੍ਰਚੰਡ ਨ ਕੀਤਾ ਜਾਏ. ਜਦ ਤਾਈਂ ਅਗਨੀ ਅਲੋਪੋਂ ਗੋਪੋਂ ਪ੍ਰਚੰਡਤ ਨਹੀਂ ਹੋਇ ਆਈ. ਓਦੋਂ ਤਾਈਂ ਚਤਰ ਤੋਂ ਚਤਰ ਸਿਆਣੇ ਲੋਕ ਭੀ ਕਹਿੰਦੇ ਰਹੇ ਕਿ ਕਾਸਟ ਬਨਾਸਪਤੀ ਆਦਿ ਅਗਨੀ ਦੀ ਹੋਂਦ ਤੋਂ ਸੂਨ ਹਨ। ਇਸੇ ਤਰ੍ਹਾਂ ਪੰਚ ਭੂਤਕੀ ਚੇਟਕਤਾ ਦੇ ਚੁੰਧਿਆਏ ਹੋਏ ਅੰਧਲੇ ਅਗਿ-ਆਨੀ ਲੋਕ ਆਤਮ ਪਰਮਾਤਮ ਦੀ ਹੋਂਦ ਹਸਤੀ ਤੋਂ ਭੀ ਮੁਨਕਰ ਦਿਖਾਈ ਦੇਂਦੇ ਹਨ ਅਤੇ ਬੜੇ ਬੜੇ ਸਾਇੰਸਦਾਨ ਹੁਣ ਤਾਈਂ ਭੀ ਮੁਨਕਰ ਹਨ। ਜੇ ਕੋਈ ਚਮਤਕਾਰ ਦਿਸੇ ਤਾਂ ਉਹ ਪਤੀਜਨ ਏਹ ਉਨ੍ਹਾਂ ਦੇ ਅਭਾਗ ਹਨ ਕਿ ਉਹਨਾਂ ਨੂੰ ਚੇਤੂਕੀ ਚਮਤਕਾਰ ਨਾਯਾਬ ਹਨ। ਏਹ ਚਮਤਕਾਰਾਂ ਦਾ ਪ੍ਰਾਪਤ ਨ ਹੋਣਾ ਏਸ ਗੱਲ ਦਾ ਸਬੂਤ ਨਹੀਂ ਕਿ ਆਤਮ ਪਰਮਾਤਮ ਦੀ ਸੱਤਤਾ ਹੀ ਅਸੱਤ ਹੈ। ਸਾਰੀ ਖਲਕਤ ਹੀ ਏਸ ਅਗਿਆਨਤਾ ਭਰੀ ਨਾਸਤਕਤਾ ਵਿਚ ਰੁੜ੍ਹਦੀਕੁੜ੍ਹਦੀ ਚਲੀ ਆਉਂਦੀ ਸੀ ਕਿ ਗੁਰੂਨਾਨਕ ਸਾਹਿਬ ਜੀ ਨੇ ਦਸ ਗੁਰੂ ਜੋਤਿ ਜਾਮੇ ਧਾਰ ਕੇ ਅਤੇ ਜੋਤਿ ਉਹਾ ਜੁਗਤਿ ਸਾਇ" ਦੇ ਵਾਕ ਅਨੁਸਾਰ ਸ੍ਰੀ ਗੁਰੂ ਗਰੰਥ ਸਾਹਿਬ ਦੇ ਅਮਰ ਵਜੂਦੀ ਦੇ ਸਰੂਪ ਵਿਚ ਆਪਣੀ ਜੋਤਿ ਸੰਚਾਰ ਕੇ ਨਾ ਸਿਰਫ ਏਸ ਗਲ ਦਾ ਦੀਦ ਬਿਚੱਖਣੀ ਸਬੂਤ ਦਿਤਾ ਹੈ ਕਿ ਨਿਰੰਕਾਰ ਨਿਰੰਜਨ ਅਕਾਲ ਪੁਰਖ ਹੈ. ਬਲਕਿ ਘਟ ਜੋਤ-ਜਲ ਵੀਏ ਇਕ ਨਹੀਂ ਅਨੇਕਾ ਪ੍ਰਮਾਰਥੀ ਪਾਤਰਤਾ ਵਾਲੇ ਗੁਰਮੁਖ ਜਨਾਂ ਨੂੰ ਪਰਗਟ ਕਰ ਦਿਖਲਾਇਆ। ਸਾਰਾ ਜਹਾਨ ਹੀ ਨਾਸਤਕਤਾ ਦੀ ਤਿਮਰ ਤਾਰੀਕ ਅੰਧਰਾਤੀ ਤੋਂ ਉਭਰ ਕੈ ਆਸਤਕਤਾ ਦੀ ਸਿਧਕ ਸਰਧਾ ਵਿਚ ਲਹਿਰੇ ਮਾਰ ਉਠਿਆ। ਦਹਿਰੀਅਤ ਦੇ ਘੋਰ ਘੁਪ ਅੰਧੇਰੇ ਵਿਚੋਂ ਰੱਬੀ ਹਕੀਕਤ ਆਸ਼ਕਾਰ ਕਿਰਨ ਓਫੁਕ ਆਈ।

ਏਸ ਘੋਰ ਅੰਧਿਕਾਰ ਦੇ ਗ੍ਰਸੇ ਹੋਏ ਕਲੀ ਕਾਲ ਵਿਖੇ ਨਿਰੰਕਾਰੀ ਨਾਮ ਦਾ ਐਸਾ ਡੰਕਾ ਬਜਾਇਆ ਕਿ ਰਬ ਦੀ ਹੋਂਦ ਤੋਂ ਮੁਨਕਰ ਚਮਗਿਦੜਾਂ ਦੀ ਚਕਾ ਚੌਂਧ ਦੂਰ ਹੋ ਗਈ. ਪੂਰਬ ਜਨਮ ਦੀ ਸਰਧਾ ਤੋਂ ਸਰਧਾਏ ਹੋਏ ਵਡਿਭਾਗੇ ਸੰਤ ਪਿਆਰੇ (ਸਚੇ ਦੇ ਧਾਰੇ ਹੋਏ ) ਤਾਂ ਪਰਤਖ ਰਬ ਦੇ ਦਰਸ਼ਨਾਂ ਨਾਲ ਹੀ ਬਿਸਗੁਫਤਾਏ ਗਏ) ਖਿੜ ਗਏ। ਜਿਸ ਪਰਮਾਤਮ



www.AKJ.Org

ਦਰਸ਼ਨ ਦੀ ਨਿਮਖ ਮਾਤਰੀ ਝਲਕ ਨੂੰ ਸਾਧਿਕ ਸਿਧ ਬਿਲਲਾਉਂਦੇ ਫਿਰਦੇ ਰਹੇ ਅਤੇ ਬ੍ਰਹਮੇਟਿੰਦਰ ਜੈਸੇ ਕੋਟ ਤੇਤੀਸ ਖੋਜ ਖੋਜ ਹਾਰਦੇ ਰਹੇ. ਤਿਸ ਵਾਹਿ-ਗੁਰੂ ਦਰਸ਼ਨ ਨੂੰ ਗੁਰੂ ਘਰ ਦੇ ਗੁਰਮੁਖ ਜਨਾਂ ਨੇ ਹਿਰਦੇ ਅੰਦਰ ਪਾਇ ਪ੍ਰਗਟਾਇ ਲਿਆ ਅਤੇ ਏਸ ਦਰਸਨ ਮੇਲ ਦੇ ਪ੍ਰੇਮ ਰਹਸ ਨਾਲਿ ਅਨੰਦਤ ਹੋ ਕੇ ਅਕਾਲ ਪੁਰਖ ਦੀਆਂ ਉਸਤਤੀਆਂ ਗਾ ਉਠੇ. ਯਥਾ ਗੁਰ-ਵਾਕ :

(ਮਾਝ ਮਹਲਾ ੫ ਘਰ ਪਹਿਲਾ)

ਅੰਤਰਿ ਅਲਖ ਨ ਜਾਈ ਲਖਿਆ॥ ਨਾਮ ਰਤਨ ਲੈ ਗੁਝਾ ਰਖਿਆ ॥ ਅਗਮ ਅਗੋਚਰ ਸਭ ਤੇ ਊਚਾ ਗੁਰ ਕੈ ਸ਼ਬਦ ਲਖਾਵਣਿਆ ॥੧॥ ਹਉ ਵਾਰੀ ਜੀਉ ਵਾਰੀ ਕਲਿ ਮਹਿ, ਨਾਮ ਸੁਣਾਵਣਿਆ ॥ ਸੰਤ ਪਿਆਰੇ ਸਚੇ ਧਾਰੇ ॥ ਵਡਿਭਾਗੀ ਦਰਸਨ ਪਾਵਣਿਆ ॥੧॥ਰਹਾਉ॥ ਸਾਧਿਕ ਸਿਧ ਜਿਸੈ ਕਉ ਫਿਰਦੇ॥ ਬ੍ਰਹਮੇਇੰਦਰ ਧਿਆਇਨ ਹਿਰਦੇ॥ ਕੋਟਿ ਤੇਤੀਸਾ ਖੋਜਹਿ ਤਾਕਉ ਗੁਰਮਿਲਿ ਹਿਰਦੈ ਗਾਵਣਿਆ ॥੮ ॥੧।

ਬ੍ਰਹਮੇਇੰਦਰ ਧਿਆਇਨਿ ਹਿਰਦੇ ਦਾ ਭਾਵ ਏਥੇ ਕੇਵਲ ਮੈਡੀਟੇਸ਼ਨ ਦਾ ਫੋਕਟ ਹਠ ਜੋਗ ਦਾ ਹੀ ਹੈ ਪਾਰਬ੍ਰਹਮ ਪਰਮੇਸ਼ਰ ਦਾ ਅਸਲ ਧਿਆਨ ਧਰਨ ਦੀ ਮਤਿ ਸੁਮਤਿ ਗੁਰ ਪੂਰੇ ਤੋਂ ਹੀ ਪਾਈਦੀ ਹੈ। ਗੁਰ ਸ਼ਬਦ ਦੁਆਰਾ ਦ੍ਰਿੜਾਈ ਧਾਰਨਾਈ ਅੰਤਰਿ ਧਿਆਂਨਤਾ ਪਾਰਬ੍ਰਹਮ ਦੀ ਹਸਤੀ ਨੂੰ ਮਹਿਜ਼ ਹੋਂਦ ਹੀ ਨਹੀਂ ਸਿਧ ਕਰਾਉਂਦੀ ਦਰਸਾਉਂਦੀ ਬਲਕਿ ਨਿਰੰਕਾਰ ਨਿਰੰਜਨ ਨੂੰ ਸਭ ਕਾਇਨਾਤ ਦਾ ਕਰਨ ਕਰਾਵਨ ਹਾਰ ਚਰਾਚਰ ਜੀਆ ਜੰਤ ਦਾ ਪ੍ਰਤੀ ਪਾਲਕ ਖ਼ਾਲਕ ਮਾਲਕ ਸਿਧਤਾਉਂਦੀ ਹੈ. ਅਤੇ ਅਗਮ ਅਗੋਚਰ ਸਦਾ ਬਿਅੰਤ ਨੂੰ ਪਰਤੱਖ ਹਾਜ਼ਰ ਨਾਜਰ ਜਾਣਇਕੇ ਸਿਮਰਨ ਕਰਨ ਸਿਖਾਂਉਂਦੀ ਹੈ, ਯਥਾ ਗੁਰ-ਵਾਕ :-

ਪਾਰਬ੍ਰਹਮ ਪ੍ਰਮੇਸ਼ਰ ਧਿਆਈਐ॥ ਗੁਰ ਪੂਰੇ ਤੇ ਇਹ ਮਤਿ ਪਾਈਐ॥੧॥ ਰਹਾਉ ॥ਕਰਨ ਕਰਾਵਨ ਹਾਰ ਦਇਆਲਾ॥ ਜੀਆ ਜੰਤ ਸਗਲੇ ਪ੍ਰਤਿਪਾਲਾ ॥ ਅਗਮ ਅਗੋਚਰ ਸਦਾ ਬਿਅੰਤਾ ॥ ਸਿਮਰ ਸਦਾ ਪੂਰੇ ਗੁਰਮੰਤਾ ॥੨॥੪॥੨੫॥੯੫॥

(ਗਉੜੀ ਗੁਆਰੀ ਮਃ ੫)

ਸਚ ਮੁਚ ਸਚਾ ਸਾਹਿਬ ਵਡਾ ਹੈ ਅਤੇ ਅਗਮ ਅਥਾਹ ਹੈ, ਬੇਪਰਵਾਹ ਹੈ। ਇਸ ਨੂੰ ਮਿਲਨਾ ਕੇਹੜਾ ਸਹਿਲਾ ਹੈ। ਜਿਸ ਨੂੰ ਪੂਰਬਲੇ ਕਰਮਾਂ ਦੀ ਗਤੀ ਅਨੁਸਾਰ ਗੁਰੂ ਘਰ ਦੀ ਸਾਧ ਸੰਗਤਿ ਵਿਚ ਵਾਸਾ ਮਿਲਦਾ ਹੈ. ਉਸਦੀ ਪਹਿਲਾਂ ਮਾਇਆ ਮਮਤਾਵੀ ਸਿਲਕ ਜੇਵੜੀ ਕੱਟੀ ਜਾਂਦੀ ਹੈ, ਤਾਂ ਉਹ ਸਚੇ ਮਾਰਗ ਪੈਂਦਾ ਹੈ। ਸੁਮਾਰਗ ਪੈਕੇ ਫੇਰ ਉਸ ਨੂੰ ਸਚੇ ਹੁਕਮ ਦੀ ਸੂਝ ਬੂਝ ਪੈਂਦੀ ਹੈ। ਏਕੋ ਨਾਮ ਨੂੰ ਹੁਕਮ ਪਛਾਣ ਕੇ ਉਹ ਨਾਮ ਅਭਿਆਸ ਕਮਾਈ ਲਈ ਸਚੀ ਸੇਵਾ ਵਿਚ ਜੁਟ ਜਾਂਦਾ ਹੈ. ਤਾਂ ਉਸ ਦਾ ਹੁਕਮ ਬੁਝਣ ਹਾਰੇ ਨੂੰ ਸਚੇ ਸੇਵਕ ਦੀ ਪਦਵੀ ਗੁਰੂ ਘਰੋਂ ਮਿਲਦੀ ਹੈ, ਇਸ ਅਵਸਥਾ ਵਿਖੇ ਪੁਗ ਖਲੋਣ ਦੀ ਤੱਤ ਨਿਸ਼ਾਨੀ ਇਹ ਹੁੰਦੀ ਹੈ ਕਿ ਉਸ ਨੂੰ ਬੁਰਾ ਭਲਾ ਦੁਇ ਸਮਸਰ ਸੁਝਣ ਸਹੋਜਣ ਲਗ ਪੈਂਦੇ ਹਨ ਉਸਦੀ ਹਉਮੈ ਅਹੰਮਮਤਾ ਸਗਲੀ ਬਿਨਸ ਜਾਂਦੀ ਹੈ.



www.AKJ.Org

ਤਿਥੈ ਤਿਸ ਬਿਵਸਥਾ ਵਿਖੇ ਉਸਨੂੰ ਇਕੋ ਅਕਾਲ ਪੁਰਖ ਹੀ ਸਾਰੇ ਦਿਸਦਾ ਬੁਝਦਾ ਹੈ, ਐਸਾ ਪੂਰ ਕਰੰਮਾ ਗੁਰਮੁਖ ਜਨ ਹੀ ਸਹਿਜ ਪਦ ਵਿਖੇ ਸਮਾਉਂਦਾ ਹੈ, ਐਸੇ ਪਾਰ ਦਰਸੀ ਵਾਹਿਗੁਰੂ ਦੇ ਭਗਤ ਸਦਾ ਹੀ ਸੁਖਵਾਸੀ ਅਤੀਤ ਗ੍ਰਿਸਤ-ਉਦਾਸੀ ਹੁੰਦੇ ਹਨ । ਬਾਲ ਸੁਭਾਇ ਸਦਾ ਗੁਰਮੁਖ ਜੀਵਨ ਬਤੀਤ ਕਰਦੇ ਹਨ । ਭਾਂਤ ਭਾਂਤੀ ਅਨਿਕ ਰੰਗੀ ਆਤਮ ਕੇਲ ਕਰਦੇ ਹਨ । ਵਾਹਿਗੁਰੂ ਉਹਨਾਂ ਨੂੰ ਪੁਤਰਾਂ ਵਾਂਗ ਲਾਡ ਲਡਾਉਂਦਾ ਹੈ । ਉਸ ਅਗਮ ਅਗੋਚਰ ਦੀ ਕੀਮਤ ਨਹੀਂ ਪਾਈ ਜਾਂਦੀ, ਉਸ ਨੂੰ ਮਿਲ ਕੇ ਹੀ ਸਚੀ ਸ਼ਾਂਤੀ ਆਉਂਦੀ ਹੈ । ਪਰ ਉਸ ਨੂੰ ਤਦੇ ਹੀ ਮਿਲੀਦਾ ਮਿਲ ਸਕੀਦਾ ਹੈ, ਜੇ ਉਹ ਆਪ ਹੀ ਮਿਲਾਇ ਲਵੇ । ਵਾਹਿਗੁਰੂ ਤਿਨਾਂ ਜਨਾਂ ਨੂੰ ਹੀ ਪਰਗਟ ਹੋਵੰਦਾ ਹੈ, ਜਿਨਾਂ ਦੇ ਧੁਰ ਮਸਤਕ ਲੇਖ ਲਿਖਿਆ ਹੋਵੰਦਾ ਹੈ ਤਿਨਾਂ ਪ੍ਰਭੂ ਪ੍ਰਗਟਨੇ ਗੁਰਮੁਖਾਂ ਨੂੰ ਸਨਮੁਖ ਦਿਦਾਰਾ ਐਸਾ ਹੁੰਦਾ ਹੈ ਕਿ ਉਹ ਸਦਾ ਉਸਦੇ ਹੁਕਮ ਅੰਦਰ ਮਾਇਲ ਹੁੰਦੇ ਹੋਏ ਇਉਂ ਬੇਨਤੀਆਂ ਕਰਨ ਵਿਚਿ ਮਫਤੂਨ ਰਹਿੰਦੇ ਹਨ :-

ਹੇ ਵਾਹਿਗੁਰੂ ਤੂੰ ਆਪੇ ਕਾਰਨ ਕਰਨਹਾਰ ਕਰਤਾ ਹੈਂ । ਤੂੰ ਆਪੇ ਹੀ ਸਾਰੀ ਸ੍ਰਿਸਟੀ ਉਪਾਈ ਹੈ ਅਤੇ ਸਭ ਧਰਤੀ ਸਾਜਿ ਧਰੀ ਹੈ । ਸਾਨੂੰ ਗੁਰੂ ਨਾਨਕ ਨਿਰੰਕਾਰੀ ਨੇ ਤੇਰੇ ਸਰਣਿ ਦੁਆਰੇ ਆਣ ਪਾਇਆ ਹੈ । ਤੂੰ ਸਾਨੂੰ ਸਦਾ ਆਪਣੇ ਭਾਣੇ ਅੰਦਰ ਹੀ ਸਾਜ ਸੰਵਾਰੀ ਰਖਦਾ ਹੈ, ਯਥਾ ਗੁਰਵਾਕ :-

ਵਡਾ ਸਾਹਿਬ ਅਗਮ ਅਥਾਹਾ॥ ਕਿਉ ਮਿਲਿਐ ਪ੍ਰਭ ਵੇਪਰਵਾਹਾ ॥ ਕਾਟਿ ਸਿਲਕ ਜਿਸੁ ਮਾਰਗਿ ਪਾਏ ਸੋ ਵਿਚਿ ਸੰਗਤਿ ਵਾਸਾ ਪਾਇੰਦਾ॥ ੧੨॥ ਹੁਕਮੁ ਬੂਝੈ ਸੋ ਸੇਵਕੁ ਕਹੀਐ॥ ਬੁਰਾ ਭਲਾ ਦੁਇ ਸਮਸਰਿ ਸਹੀਐ ॥ ਹਉਮੈ ਜਾਇ ਤਾਂ ਏਕੋ ਬੂਝੈ ਸੋ ਗੁਰਮੁਖਿ ਸਹਜਿ ਸਮਾਇੰਦਾ ॥੧੩॥ ਹਰਿ ਕੇ ਭਗਤ ਸਦਾ ਸੁਖਵਾਸੀ ॥ ਬਾਲ ਸੁਭਾਇ ਅਤੀਤ ਉਦਾਸੀ॥ ਅਨਿਕ ਰੰਗ ਕਰਹਿ ਬਹੁ ਭਾਤੀ ਜਿਉ ਪਿਤਾ ਪੂਤੁ ਲਾਡਾਇੰਦਾ॥੧੪॥ ਅਗਮ ਅਗੋਚਰੁ ਕੀਮਤਿ ਨਹੀ ਪਾਈ॥ ਤਾਂ ਮਿਲੀਐ ਜਾ ਲਏ ਮਿਲਾਈ॥ ਗੁਰਮੁਖਿ ਪਰਗਟੁ ਭਇਆ ਤਿਨ ਜਨ ਕਉ ਜਿਨ ਧੁਰਿ ਮਸਤਕਿ ਲੇਖੁ ਲਿਖਾਇੰਦਾ॥੧੫ ਤੂੰ ਆਪੇ ਕਰਤਾ ਕਾਰਣ ਕਰਣਾ॥ ਸ੍ਰਿਸਟਿ ਉਪਾਇ ਧਰੀ ਸਭ ਧਰਣਾ ॥ ਜਨ ਨਾਨਕੁ ਸਰਣਿ ਪਇਆ ਹਰਿ ਦੁਆਰੈ ਹਰਿ ਭਾਵੈ ਲਾਜ ਰਖਾਇੰਦਾ॥੧੬॥੧॥੫॥

(ਮਾਰੂ ਸੋਲਹੇ ਮਹਲਾ ੫)

ਗੁਰਮਤਿ ਅੰਦਰਿ ਅਗਮ ਅਗੋਚਰ ਵਾਹਿਗੁਰੂ ਨਿਰੰਕਾਰ ਨੂੰ ਸਭ ਦਾ ਸਚਾ ਸਿਰਜਨਹਾਰਾ ਕਰਕੇ ਮੰਨਿਆ ਗਿਆ ਹੈ, ਏਸੇ ਮਨੌਤੀ ਵਿਚ ਏਸਨੂੰ ਸੇਵਨਾ ਭਗਤ ਕਰੇਵਨਾ ਸ਼੍ਰੇਸ਼ਟਾਇਆ ਗਿਆ ਹੈ. ਸਬਦ ਕਮਾਈ ਕੀਤਿਆਂ ਸਰਬ ਦਾਂ ਦੂਖ ਨਿਵਾਰਣ ਹਾਰ ਸਿਧ ਹੋਇ ਪ੍ਰਗਟ ਹੁੰਦਾ ਹੈ, ਉਸ ਅਗਮ ਅਗੋਚਰ ਦੀ ਕੀਮਤਿ ਕਿਨੈ ਨਹੀਂ ਪਾਈ । ਆਪੇ ਹੀ ਅਗਮ ਅਥਾਹ ਰਹਿਣ ਵਿਚ ਸੰਤੁਸ਼ਟ ਹੈ, ਗੁਰਪ੍ਰਸਾਦੀ ਉਸ ਨੂੰ ਮਨ ਅੰਦਰ ਵਸਾਇਆ ਜਾ ਸਕਦਾ ਹੈ, ਜੋ ਜਨ ਉਸਨੂੰ ਗੁਰਸ਼ਬਦ ਗੁਰਮੰਤ੍ਰ ਦੇ ਅਭਿਆਸ ਵਿਗਾਸ ਅੰਦਰ ਸਲਾਹੁੰਦੇ ਸਿਫਤਾਉਂਦੇ ਹਨ, ਤਿਨਾ ਨੂੰ ਉਹ ਸਦਾ ਵਧ ਤੋਂ ਵਧ ਗੁਣ ਕਰਣਹਾਰਾ ਹੀ ਹੈ, ਤਿਨਾਂ ਦਾ ਫੇਰ ਲੇਖਾ ਕੋਈ ਨਹੀਂ ਮੰਗ ਸਕਦਾ ਨ ਮੰਗਦਾ ਹੈ । ਬ੍ਰਹਮਾ, ਬਿਸ਼ਨ ਮਹੇਸ਼ ਪਏ ਆਪ ਹੁਦਰੇ ਹੀ ਉਸਦੇ ਸੇਵਕ ਹਾਰੇ ਸੇਵਕ ਬਣਿ ਬਣਿ ਬਹਿੰਦੇ ਹਨ ਪਰ ਉਸ ਅਲਖ ਅਭੇਵ ਬੇਅੰਤ ਪ੍ਰਭੂ ਦਾ ਅੰਤ ਨਹੀਂ ਪਾ ਸਕਦੇ, ਪਰ ਜਿਸ ਵਡਭਾਗੇ ਗੁਰਮੁਖ ਜਨ ਉਪਰ ਹੇ ਵਾਹਿਗੁਰੂ ਤੂੰ ਆਪਣੀ ਨਦਰ ਕਰਦਾ ਹੈਂ. ਸੋ ਗੁਰਮੁਖ ਪਿਆਰਾ ਅਲਖ ਪ੍ਰਭੂ ਨੂੰ ਲਖਲੇਂਦਾ ਹੈ, ਸਾਰੇ ਜਗ ਵਿਚ ਇਹੋ ਅਕਾਲ ਪੁਰਖ ਹੀ ਵਰਤਦਾ ਹੈ, ਗੁਰਪ੍ਰਸਾਦੀ ਵਿਰਲੇ ਗੁਰਮੁਖ ਜਨਾਂ ਨੂੰ ਹੀ



www.AKJ.Org

ਪ੍ਰਗਟ ਹੁੰਦਾ ਹੈ, ਜਿਹੜੇ ਗੁਰਮੁਖ ਪਿਆਰੇ ਗੁਰ ਸ਼ਬਦ ਦੀ ਅਭਿਆਸ ਕਮਾਈ ਦੁਆਰਾ ਉਸ ਦੀ ਸਚੜੀ ਸਿਫਤ ਸਲਾਹ ਕਰਦੇ ਹਨ. ਤਿਨਾਂ ਨਿਰਮਲ ਨਿਰੰਕਾਰੀ ਜਨਾਂ ਦਾ ਨਿਜ ਘਰ ਵਾਸਾ ਹੁੰਦਾ ਹੈ. ਜਿਸ ਅਗਮ ਅਗੋਚਰ ਦੀ ਕੀਮਤ ਕਿਸੇ ਤੋਂ ਨਹੀਂ ਪਾਈ ਜਾ ਸਕਦੀ. ਗੁਰਮੁਖ ਭਗਤ ਜਨ ਸਦਾ ਉਸਦੀ ਸਰਨਾਈ ਹੀ ਰਹਿੰਦੇ ਹਨ, ਗੁਰਮੁਖ ਨਾਮ ਧਿਆਵਣ ਹਾਰੇ ਸਦਾ ਦੇ ਭਾਣੇ ਅੰਦਰ ਹੀ ਸ਼ਾਕਰ ਰਹਿੰਦੇ ਹਨ, ਆਪਣੇ ਆਪ ਨੂੰ ਲਖ਼ਾਂਉਂਦੇ ਜਣਾਉਂਦੇ ਨਹੀਂ । ਸਚੇ ਸਾਹਿਬ ਦੇ ਦਰਿ ਕਬੂਲ ਹੋ ਏਵੇ ਅਨਿੰਨ ਗੁਰਮੁਖ ਭਗਤ ਜਨ ਸਦਾ ਉਸਦੇ ਗੁਣ ਗਾਵਣ ਵਿਚ ਹੀ ਮਹਿਵ ਰਹਿੰਦੇ ਹਨ ਕਿ ਹੇ ਸਚੇ ਸਾਹਿਬ, ਸਾਨੂੰ ਸਦਾ ਸਚੀ ਸਿਫ਼ਤ ਸਲਾਹ ਹੀ ਦੇਵਹੁ. ਸਾਨੂੰ ਸਚੇ ਦਰਸ਼ਨ ਦੀ ਦਾਤ ਹੀ ਅਰਪੇਵਹੁ। ਅੰਤ ਨੂੰ ਸਚੜੇ ਸਰੂਪ ਦਰਸ਼ਨ ਵਿਚ ਹੀ ਮਲਾਇ ਲੇਵਹੁ. ਯਥਾ ਗੁਰਵਾਕ :-

ਸੋ ਸਚੁ ਸੇਵਿਹੁ ਸਿਰਜਨਹਾਰਾ ॥ ਸਬਦੇ ਦੂਖ ਨਿਵਾਰਣਹਾਰਾ ॥ ਅਗਮੁ ਅਗੋਚਰੁ ਕੀਮਤਿ ਨਹੀ ਪਾਈ ਆਪੇ ਅਗਮ ਅਥਾਹਾ ਹੇ...ਗੁਰ ਪ੍ਰਸਾਦੀ ਮਨਿ ਵਸਾਈ॥ ਸਚਾ ਸਬਦਿ ਸਾਲਾਹੀ ਗੁਣ ਦਾਤਾ ਲੇਖਾ ਕੋਇ ਨ ਮੰਗੇ ਤਾਹਾ ਹੇ । ਬ੍ਰਹਮਾ ਬਿਸ਼ਨ ਰੁਦ੍ਰ ਤਿਸ ਕੀ ਸੇਵਾ ॥ ਅੰਤ ਨ ਪਾਵਹਿ ਅਲਖ ਅਭੇਵਾ॥ ਜਿਨ ਕਉ ਨਦਰਿ ਕਰਹਿ ਤੂੰ ਆਪਣੀ ਗੁਰਮੁਖਿ ਅਲਖ ਲਖਾਹਾ ਹੇ॥੧੫..
ਸਭ ਜਗ ਮਹਿ ਵਰਤੈ ਏਕੋ ਸੋਈ ॥ ਗੁਰਪ੍ਰਸਾਦੀ ਪ੍ਰਗਟ ਹੋਈ ॥ ਸਬਦੁ ਸਾਲਾਹਹਿ ਸੇ ਜਨ ਨਿਰਮਲ ਨਿਜ ਘਰਿ ਵਾਸਾ ਤਾਹਾ ਹੇ ॥ ਸਦਾ ਭਗਤ ਤੇਰੀ ਸ਼ਰਣਾਈ॥ ਅਗਮ ਅਗੋਚਰ ਕੀਮਤਿ ਨਹੀ ਪਾਈ ॥ ਜਿਉ ਤੁੰ ਭਾਵਹਿ ਤਿਉ ਤੂੰ ਰਾਖਹਿ ਗੁਰਮੁਖਿ ਨਾਮੁ ਧਿਆਹਾ ਹੇ॥੧੪ ਸਦਾ ਸਦਾ ਤੇਰੇ ਗੁਣ ਗਾਵਾ॥ ਸਚੇ ਸਾਹਿਬ ਤੇਰੈ ਮੰਨਿ ਭਾਵਾ॥ ਨਾਨਕ ਸਚੁ ਕਹੈ ਬੇਨੰਤੀ ਸਚੁ ਦੇਵਹੁ ਸਚਿ ਸਮਾਹਾ ਹੇ॥੧੬...

ਅਗਮ ਅਗੋਚਰ ਦਾ ਕੇਵਲ ਗੁਰਮਤਿ ਦੁਆਰਾ ਮਿਲਣਾਂ ਹੀ ਸੰਭਵ ਹੈ ਜੈਸਾ ਕਿ ਇਹ ਅਗਲੇਰਾ ਗੁਰ ਵਾਕ ਭੀ ਸਾਖਾ ਭਰਦਾ ਹੈ :-

ਅਗਮ ਅਗੋਚਰ ਕੀਮਤਿ ਨਹੀਂ ਪਾਈ॥ ਤਾਂ ਮਿਲੀਐ ਜਾ ਲਏ ਮਿਲਾਈ॥ ਗੁਣਵੰਤੀ ਗੁਣ ਸਾਰੇ ਨੀਤਾ ॥ ਨਾਨਕ ਗੁਰਮਤਿ ਮਿਲੀਐ ਮੀਤਾ॥

ਘਰਿ ਹੀ ਬੈਠਿਆਂ ਅਗਮ ਅਗੋਚਰ ਵਾਹਿਗੁਰੂ ਦਾ ਪਾਵਣਾ ਗੁਰਮਤਿ ਦੀ ਇਕ ਸਰਬ ਸਾਧਾਰਨ ਪਰਧਾਂਨ ਅਹਿਮਤਾ ਹੈ. ਯਥਾ ਗੁਰਵਾਕ :-

ਜੈਸੇ ਜਲ ਮਹਿ ਕਮਲ ਨਿਰਾਲਮੁ ਮੁਰਗਾਈ ਨੈਸਾਣੇ ॥ ਸੁਰਤਿ ਸਬਦ ਭਵ ਸਾਗਰ ਤਰੀਐ ਨਾਨਕ ਨਾਮ ਵਖਾਣੇ॥ ਰਹਹਿ ਇਕਾਂਤ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ॥ ਅਗਮ ਅਗੋਚਰ ਦੇਖਿ ਦਿਖਾਏ ਨਾਨਕ ਤਾਕਾ ਦਾਸੋ ।

(ਸਿਧ ਗੋਸ਼ਟ)

ਸਾਰੀ ਸੁਰਤ ਸਬਦ ਦੀ ਖੇਡ ਹੈ ਨਾਮ ਵਖਾਵਣ ਸਿਮਰਨ ਦੁਆਰਾ ਖਿੰਡੀਆਂ ਹੋਈਆਂ ਬਿਰਤੀਆਂ ਇਕ ਸੁਅਰ ਹੋ ਕੇ ਸੁਰਤਿ ਅਸਥਿਤ ਹੋ ਜਾਂਦੀਆਂ ਹਨ । ਵਿਚੇ ਗ੍ਰਿਸਤ ਰਹਿੰਦਿਆਂ ਹੀ ਜਲ ਕੰਮਲ ਵਤ ਅਗਮ ਰਹੀਦਾ ਹੈ । ਜਲ ਵਿਚ ਤਰੰਦੜੀ ਮੁਰਗਾਈ ਦੇ ਖੰਭ ਜੈਸੇ ਜਿਉਂ ਕੇ ਤਿਉਂ ਅਭਿੱਜ ਅਸਿੱਜ ਰਹਿੰਦੇ ਹਨ, ਤੈਸੇ ਹੀ ਸਬਦ ਸੁਰਤਿ ਅਭਿਆਸੀ ਸਚੇ ਸੁਰਤੀਸ਼ਰ ਮਾਇਆਵੀ ਧੰਦ ਬੰਧ ਤੋਂ ਅਲੇਪ ਹੀ ਰਹਿੰਦੇ ਹਨ । ਏਕੋ ਅਕਾਲ ਪੁਰਖ ਨੂੰ ਮਨ ਵਿਖੇ ਵਸਾਉਣ ਕਰਿ ਗ੍ਰਿਸਤ ਵਿਚ ਰਹਿੰਦੇ ਹੋਏ ਹਸਦੇ ਵਸਦੇ ਹੋਏ ਭੀ ਏਕਤਾ ਵਾਸੀ ਰਹਿੰਦੇ ਹਨ । ਆਸਾ ਮਹਿ ਨਿਰਾਸ ਹੀ ਬਿਚਰਦੇ ਹਨ, ਅਗਮ ਅਗੋਚਰ ਨੂੰ ਜੋ ਜਨ ਖੁਦ ਦੇਖ ਕੇ ਫੇਰ ਦੂਜਿਆਂ ਨੂੰ ਦਿਖਾਉਂਦੇ ਹਨ, ਗੁਰੂ ਨਾਨਕ



www.AKJ.Org

ਸਾਹਿਬ ਆਪਣੇ ਆਪ ਵਿਚ ਤਿਨਾਂ ਦੇ ਦਾਸ ਬਣ-ਦੇ ਹਨ।

ਗੋਬਿੰਦ ਗੁਣੀ ਨਿਧਾਨ ਸਚੇ ਧਨੀ ਦਾ ਅਗਮ ਰੂਪ ਹੈ, ਗੁਰਮਤ ਨਾਮ ਦੁਆਰਾ ਇਸ ਅਗਮ ਰੂਪ ਦਾ ਦਰ ਵੀ ਜੋਹ ਲਈਦਾ ਹੈ. ਨਾਮ ਦਾ ਸਚਾ ਵਾਪਾਰ ਵਾਪਾਰਨ ਕਰਿ ਮੁਕਤ ਭੰਡਾਰੜਾ ਮੇਲ ਮਿਲਾਪ ਐਸਾ ਹੋਇ ਆਉਂਆ ਹੈ ਕਿ ਫੇਰ ਮੇਲ ਚੁਕਦਾ ਹੀ ਨਹੀ. ਯਥਾ ਗੁਰਵਾਕ :-

ਅਗਮ ਰੂਪ ਗੋਬਿੰਦ ਕਾ ਅਨਿਕ ਨਾਮ ਅਪਾਰ ॥
ਧਨੁ ਧਨੁ ਤੇ ਜਨ ਨਾਨਕਾ ਜਿਨਿ, ਹਰਿ ਨਾਮਾ ਉਰਧਾਰਿ ॥ (ਮਾਲੀ ਗਉੜਾ ਮਹਲਾ ੫)

ਅਗਮ ਅਗੋਚਰ ਤੂ ਧਣੀ ਅਵਗਤਿ ਅਪਾਰਾ॥
ਗੁਰ ਸਬਦੀ ਦਰ ਜੋਈਐ ਮੁਕਤੇ ਭੰਡਾਰਾ ॥
ਨਾਨਕ ਮੇਲੁ ਨ ਚੁਕਈ ਸਾਚੇ ਵਾਪਾਰਾ ॥
(ਮਾਰੂ ਅਸਟਪਦੀਆ ਮਹਲਾ ੧)

ਇਕ ਗੁਰਮਤਿ ਨਾਮ ਹੀ ਚਾਰ ਜੁਗ ਉਧਾਰਨ ਹਾਰਾ ਹੈ, ਤਾਂਤੇ ਗੁਰਮੁਖਿ ਨਾਮ ਸਾਲਾਹਿਆਂ ਹੀ ਅਗਮ ਅਗੋਚਰ ਬੇਪਰਵਾਹ ਦੇ ਦਰਸ਼ਨ ਹੁੰਦੇ ਹਨ-

ਗੁਰਮੁਖਿ ਨਾਮ ਸ਼ਬਦਿ ਸਾਲਾਹੇ॥ਅਗਮ ਅਗੋਚਰ ਵੇਪਰਵਾਹੇ॥ ਏਕ ਨਾਮ ਜੁਗ ਚਾਰਿ ਉਧਾਰੇ ਸਬਦੇ ਨਾਮ ਵਿਸਾਹਾ ਹੇ ॥

(ਮਾਰੂ ਅਸਟਪਦੀਆ ਮਹਲਾ ੧)

ਤਥਾ-ਅਗਮ ਨਿਗਮ ਸਤਿਗੁਰੂ ਦਿਖਾਇਆ॥
ਕਰਿ ਕਿਰਪਾ ਆਪਣੇ ਘਰਿ ਆਇਆ॥
ਅੰਜਨ ਮਾਹਿ ਨਿਰੰਜਨ ਜਾਤਾ ॥
ਜਿਨ ਕਉ ਨਦਰਿ ਤੁਮਾਰੀ ਜੀਉ।
(ਮਾਰੂ ਅਸਟਪਦੀਆ ਮ਼ਹਲਾ ੩)

ਜਿਹਨਾਂ ਨੂੰ ਨਦਰ ਹੋਈ ਹੈ. ਤਿਨਾਂ ਨੇ ਅੰਜਨ ਮਾਹਿ ਹੀ ਨਿਰੰਜਨ ਨੂੰ ਪਾ ਲਿਆ ਹੈ, ਕਿਰਪਾ ਕਰਕੇ ਸਤਗੁਰੂ ਨੇ ਹੀ ਘਟ ਅੰਦਰ ਲਿਆਣਕੇ ਅ-ਗਮ ਨਿਗਮ ਨੂੰ ਦਿਖਾਇ ਦਿਤਾ ਹੈ-

ਅਗਮ ਅਗੋਚਰ ਗੁਰੂ ਦਿਖਾਇਆ॥ ਭੂਲਾ ਮਾਰਗ ਸਤਿਗੁਰ ਪਾਇਆ॥ ਗੁਰਸੇਵਕ ਕਉ ਬਿਘਨ ਨ ਭਗਤੀ ਹਰਿ ਪੂਰਿ ਦ੍ਰਿੜਾਇਆ ਗਿਆਨਾ ਹੇ॥ ਗੁਰਿ ਦ੍ਰਿਸ਼ਟਾਇਆ ਸਭਨੀ ਠਾਂਈ॥ ਜਲ ਥਲ ਪੂਰਿ ਰਹਿਆ ਗੋਸਾਈ॥ ਊਚ ਊਨ ਸਭ ਏਕ ਸਮਾਨਾ ਮਨਿ ਲਾਗਾ ਸਹਿਜ ਧਿਆਨਾ ਹੇ॥

(ਮਾਰੂ ਸੋਲਹੇ ਮਹਲਾ ੫)

ਕੁਮਾਰਗੀ ਭੂਲੇ ਭਟਕੇ ਸੰਸਾਰੀਆਂ ਨੂੰ ਸਤਿ ਗੁਰੂ ਨੇ ਹੀ ਸੁਮਾਰਗ ਪਾਇਆ ਹੈ। ਸੁਮਾਰਗ ਪਾ ਕੇ ਅਗਮ ਅਗੋਚਰ ਦਾ ਦਰਸ਼ਨ ਭੀ ਕਰਾਇਆ ਹੈ। ਗੁਰਸ਼ਬਦ ਸਿਮਰਣ ਸੇਵਨਹਾਰਿਆਂ ਗੁਰਸੇਵਕਾਂ ਦੀ ਅਨਿੰਨ ਭਗਤੀ ਵਿਚ ਵਿਘਨ ਕਦੇ ਨਹੀਂ ਪੈਂਦਾ ਕਿਉਂਕਿ ਸਤਿਗੁਰੂ ਨੇ ਤਿਨਾਂ ਨੂੰ ਪੂਰਾ ਗਿਆਨ ਦ੍ਰਿੜਾਇਆ ਹੈ। ਸਤਿਗੁਰ ਨੇ ਗੁਰਮੁਖਾਂ ਸਿਖਾਂ ਤਾਈਂ ਗੋਸਾਈਂ ਪ੍ਰੀਤਮ ਨੂੰ ਜਲਿ ਥਲਿ ਵਿਚ ਸਭਨੀ ਥਾਈਂ ਦਿਖਾਇ ਦਿਤਾ ਹੈ। ਤਿਨਾਂ ਦਾ ਊਚ ਨੀਚ ਵਿਖੇ ਸਮਾਨ ਹੀ ਧਿਆਨ ਲਗ ਜਾਂਦਾ ਹੈ।



www.AKJ.Org

ਗੁਰ ਪੰਚਮ ਪਾਤਸ਼ਾਹ

# ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਨਿਸ਼ਕਾਮ ਭਗਤੀ

**ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ**

ਅਨੇਕਾਂ ਸ਼ਹੀਦੀਆਂ ਹੁੰਦੀਆਂ ਰਹੀਆਂ ਤੇ ਅਗਲੇ ਜੁਗਾਂ ਵਿਚ ਅਨੇਕ ਸ਼ਹੀਦੀਆਂ ਹੋਣਗੀਆਂ ਪਰੰਤੂ ਗੁਰੂ ਅਰਜਨ ਸਾਹਿਬ ਜੀ ਦੀ ਨਿਸ਼ਕਾਮ ਸ਼ਹੀਦੀ ਦੇ ਮੁਕਾਬਲੇ ਵਿਚ ਸਭ ਹੇਠ ਹਨ ਅਤੇ ਹੇਠ ਹੀ ਰਹਿਣਗੀਆਂ । ਗੁਰੂ ਅਰਜਨ ਸਾਹਿਬ ਜੀ ਨੇ ਨਿਸ਼ਕਾਮ ਸ਼ਹੀਦੀ ਦੇ ਜੋ ਪੂਰਨੇ ਪਾਏ ਹਨ ਉਹ ਸੱਚ ਮੁੱਚ ਹੀ ਅਦੁੱਤੀ ਹਨ । ਇਤਿਹਾਸਕਾਂ ਦੀਆਂ ਇਹ ਇਤਿਹਾਸ ਕਾਰੀਆਂ ਬਿਲਕੁਲ ਗਲਤ ਹਨ ਕਿ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਕਿਸੇ ਪ੍ਰਕਾਰ ਦੇ ਸਵਾਰਥੀ ਮਨੋਰਥ ਲਈ ਇਹ ਸ਼ਹੀਦੀ ਦਾ ਰਮਜ਼ ਮਾਤਰ ਬੀੜਾ ਚੁਕਿਆ । ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਨਿਰੋਲ ਪ੍ਰਮਾਰਥ ਅਤੇ ਪ੍ਰਮਾਰਥੀ ਕਾਜ਼ ਲਈ ਹੀ ਇਹ ਪੂਰਨੇ ਪਾਏ । ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਉਸ ਵਕਤ ਦੇ ਦੁਨਿਆਵੀ ਬਾਦਸ਼ਾਹ ਅਗੇ ਰੰਚਕ ਮਾਤਰ ਭੀ ਕਾਣ ਕਣੌਡੀ ਕਾਂਪ ਨਹੀਂ ਖਾਧੀ । ਜੇਕਰ ਗੁਰੂ ਅਰਜਨ ਸਾਹਿਬ ਜੀ ਰਾਮ ਰਾਇ ਦੀ ਨਿਆਈਂ ਅਮਰੀ ਅਜ਼ਲੀ ਗੁਰੂ ਬਾਣੀ ਨੂੰ ਉਲਟਾ ਦੇਣ ਲਈ ਤਿਆਰ ਹੋ ਜਾਂਦੇ ਤਾਂ ਉਨ੍ਹਾਂ ਦੇ ਉਪਰ ਅਨੇਕ ਪ੍ਰਕਾਰੀ ਦੁਨਿਆਵੀ ਨਿਆਮਤਾਂ ਵਰਸਦੀਆਂ । ਪਰੰਤੂ ਧੰਨ ਸ੍ਰੀ ਗੁਰੂ ਅਰਜਨ ਸਾਹਿਬ ਸੱਚੇ ਸ਼ਹੀਦਾਂ ਦੇ ਸਿਰਤਾਜ ਉਨ੍ਹਾਂ ਨੇ ਬਪੜੀਆਂ ਮਾਇਕ ਸਿਕਦਾਰੀਆਂ ਦੀ ਭੋਰਾ ਮਾਤਰ ਭੀ ਪ੍ਰਵਾਹ ਨਹੀਂ ਕੀਤੀ ਅਤੇ ਆਪਣੇ ਸੱਚੇ ਸ਼ਹੀਦੀ ਮਿਸ਼ਨ ਤੇ ਡਟੇ ਰਹੇ । ਸੱਚ ਮੁੱਚ ਸੱਚੇ ਪਾਤਸ਼ਾਹ ਗੁਰੂ ਅਰਜਨ ਸਾਹਿਬ ਜੀ ਨੇ ਇਹ ਪੂਰਨੇ ਜੋ ਸੱਚੀ ਸ਼ਹੀਦੀ ਦੇ ਪਾਏ ਉਹ ਅਸਾਂ ਲਰਜ਼ਸ਼ ਖਾਂਦਿਆਂ ਗੁਰ ਸਿੱਖਾਂ ਦੇ ਸਿਦਕ ਭਰੋਸੇ ਨੂੰ ਕਾਇਮ ਰੱਖਣ ਲਈ ਪਾਏ । ਵਕਤ ਦੇ ਨਾਦਰ ਗਰਦ ਬਾਦਸ਼ਾਹ ਨੇ ਅਨੇਕਾਂ ਵਾਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਗੁਰਵਾਕਾਂ ਨੂੰ ਪਲਟਾਉਣ ਲਈ ਗੁਰੂ ਸਾਹਿਬ ਅਗੇ ਦੁਰਖਾਸਤ ਕੀਤੀ ਪਰੰਤੂ ਧੰਨ ਗੁਰੂ ਅਰਜਨ ਸਾਹਿਬ ਕਿ ਉਨ੍ਹਾਂ ਨੇ ਅਨੇਕ ਬਾਰਨੀ ਦੁਰਖਾਸਤ ਨੂੰ ਹਰ ਬਾਰ ਰੱਦੀ ਦੀ ਟੋਕਰੀ ਵਿਚ ਹੀ ਸੁੱਟ ਪਾਇਆ । ਇਤਿਹਾਸ ਕਾਰਾਂ ਦੀ ਇਹ ਬਾਤ ਭੀ ਗਲਤ ਹੈ ਕਿ ਗੁਰੂ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਖੁਦ ਬੁਰਛਾ ਗਰਦ ਬਾਦਸ਼ਾਹ ਦੇ ਪਾਸ ਲੈ ਕੇ ਪਹੁੰਚੇ । ਬਲਕਿ ਇਹ ਵਾਰਤਾ ਐਨ ਗੁਰਮਤਿ ਅਨੁਸਾਰ ਢੁਕਦੀ ਹੈ ਤੇ ਸਚਾਈ ਦੀ ਕਸੌਟੀ ਉਤੇ ਪਰਖੀ ਜਾ ਕੇ ਠੀਕ ਉਤਰਦੀ ਹੈ ਕਿ ਜਹਾਂਗੀਰ ਜੇਸੇ ਉਚ ਦੁਨਿਆਈ ਬਾਦਸ਼ਾਹ ਖੁਦ ਗੁਰੂ ਸਾਹਿਬ ਦੇ ਦਰਬਾਰ ਵਿਚ ਹਾਜ਼ਰ ਹੋਏ । ਗੁਰੂ ਕੀ ਨਗਰੀ ਵਿਖੇ ਆ ਕੇ ਹੀ ਉਨ੍ਹਾਂ ਨੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਪਵਿਤਰ ਗੁਰਬਾਣੀ ਦਾ ਮੁਆਇਨਾ ਕੀਤਾ ਅਤੇ ਬਿਲਕੁਲ ਕਸੇ ਨਿਕਲੇ ਅਤੇ ਆਪਣੇ ਜੇਸਾ ਮੂੰਹ ਲੈ ਕੇ ਹੀ ਵਾਪਸ ਚਲੇ ਗਏ । ਇਸ ਹੋਈ ਹਤਕ ਨੂੰ ਮਹਿਸੂਸ ਕਰਕੇ ਅਤਿਆਚਾਰੀ ਦੁਨਿਆਵੀ ਬਾਦਸ਼ਾਹ ਨੇ ਅਨੇਕ ਪ੍ਰਕਾਰੀ ਤਨ ਤਸੀਹੇ ਦੇਣ ਲਈ ਆਪਣੇ ਮੁਤਅਸਬੀ ਤੇ ਸ਼ਰਾਰਤੀ ਦੀਵਾਨ ਚੰਦੂ ਮੱਲ ਨੂੰ ਪਰੇਰਿਆ । ਉਸ ਕੂੜਾਵੇ ਚੰਦੂ ਨੇ ਆਪਣੀ ਕਿਸ ਕੱਢਣ ਲਈ ਇਹ ਨਾਦਰ

(ਬਾਕੀ ਦੇਖੋ ਸਫਾ 22)



www.AKJ.Org

# ਪੰਚਮ ਸਤਿਗੁਰੂ ਜੀ ਦੀ ਸ਼ਹਾਦਤ

—ਪ੍ਰੋ: ਪ੍ਰਕਾਸ਼ ਸਿੰਘ ਜੀ

ਆਓ, ਸਿਖ ਇਤਿਹਾਸ ਦੇ ਪਹਿਲੇ ਸ਼ਹੀਦ ਨੂੰ ਪ੍ਰਣਾਮ ਕਰੀਏ । ਉੱਚੇ, ਸੁਚੇ ਤੇ ਨਿਰਮਲ ਜੀਵਨ ਰਾਹੀਂ ਜੀਣ ਦੀ ਜਾਚ ਸਿਖਾਣ ਵਾਲੇ ਅਤੇ ਕੁਰਬਾਨੀ ਤੇ ਸ਼ਹਾਦਤ ਦੁਆਰਾ ਮਰਨ ਦੀ ਜਾਚ ਸਿਖਾਣ ਭਾਲੇ ਪਹਿਲੇ ਸ਼ਹੀਦ ਗੁਰੂ ਨੂੰ ਪਰਨਾਮ ਕਰੀਏ । ਸਚ, ਧਰਮ, ਅਣਖ ਤੇ ਆਜ਼ਾਦੀ ਦੀ ਰਖਿਆ ਦੇ ਉਚੇ ਆਦਰਸ਼ ਲਈ ਜਾਨ ਵਰਨ ਵਾਲੇ ਸ਼ਹੀਦਾਂ ਦੇ ਸਿਰਤਾਜ ਨੂੰ ਪਰਨਾਮ ਕਰੀਏ । ਜਬਰ ਦਾ ਮੁਕਾਬਲਾ ਸਬਰ ਨਾਲ ਕਰਦੇ ਹੋਏ ਭਾਣਾ ਮੰਨਣ ਦਾ ਅਮਲੀ ਸਬਕ ਦੇਣ ਵਾਲੇ ਸਾਹਿਬ ਗੁਰੂ ਅਰਜਨ ਦੇਵ ਜੀ ਨੂੰ ਪਰਨਾਮ ਕਰੀਏ ।

ਸ਼ਹੀਦ ਕੌਣ ਹੈ ? ਕਿਸੇ ਉੱਚ ਉਦੇਸ਼ ਲਈ ਨਿਸ਼ਕਾਮ ਰਹਿਕੇ ਸਰੀਰ ਦੀ ਕੁਰਬਾਨੀ ਦੇਣ ਵਾਲਾ ਸ਼ਹੀਦ ਹੈ । ਜੋ ਕੋਈ ਕਿਸੇ ਆਦਰਸ਼ ਲਈ ਜਾਂ ਕਿਸੇ ਪਰ-ਉਪਕਾਰ ਲਈ, ਬੇਗਰਜ਼ ਹੋ ਕੇ. ਅਪਣਾ ਸਰੀਰ ਤਕ ਵਾਰ ਦਿੰਦਾ ਹੈ ਉਹ ਸੱਚਾ ਸ਼ਹੀਦ ਹੈ । ਗੁਰੂ ਅਰਜਨ ਦੇਵ ਜੀ ਦਾ ਤਾਂ ਸਾਰਾ ਜੀਵਨ ਹੀ ਪਰ-ਉਪਕਾਰ ਵਿਚ ਤੇ ਕਿਸੇ ਉੱਚੇ ਆਦਰਸ਼ ਲਈ ਬਤੀਤ ਹੋਇਆ । ਉਨ੍ਹਾਂ ਵਾਸਤੇ ਆਪਣਾ ਸਰੀਰ ਵਾਰਨਾ ਕੇਵਲ ਇਸ ਸੁਚੇ ਜੀਵਨ ਤੇ ਉੱਚ ਗੁਣਾਂ ਦਾ ਇਕ ਪਰਗਟਾ ਸੀ, ਇਕ ਸਬੂਤ ਸੀ । ਆਪ ਕੇਵਲ ਸ਼ਹੀਦ ਹੀ ਨਹੀਂ ਹੋਏ ਸਗੋਂ ਧਰਮ, ਕੌਮ, ਦੇਸ਼, ਸਮਾਜ਼ ਤੇ ਸਾਹਿਤ ਦੇ ਇਕ ਮਹਾਨ ਉਸਰੱਈਏ ਵੀ । 'ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾਂ, ਆਪ ਦੇ ਗੁਣ ਬੇਅੰਤ ਹਨ । ਪਰ-ਉਪਕਾਰ ਤੇ ਸਿਫ਼ਤਾਂ ਬੇਸ਼ੁਮਾਰ ਹਨ ।

ਗੁਰੂ ਜੀ ਬਹੁ-ਪੱਖੀ ਸ਼ਖਸੀਅਤ ਦੇ ਮਾਲਕ ਸਨ ਇਸ ਲਈ ਉਨ੍ਹਾਂ ਦੇ ਗੁਣ, ਦਾਤਾਂ ਤੇ ਦੇਣਾਂ ਭੀ ਬਹੁ ਪੱਖੀ ਹਨ ।

ਆਪ ਦਾ ਜੀਵਨ ਹਰ ਪਖ ਤੋਂ ਮੁਕੰਮਲ ਜੀਵਨ ਸੀ । ਸਤਿਗੁਰੂ ਜੀ ਜਨਤਾ ਦੇ ਪੈਗੰਬਰ ਤੇ ਆਗੂ ਸਨ, ਆਮ ਜਨਤਾ ਦੀ ਭਲਾਈ, ਲੋਕ ਸੇਵਾ ਤੇ ਸੁਧਾਰ ਆਪ ਦਾ ਜੀਵਨ ਮਨੋਰਥ ਸੀ ।

ਆਪ ਨੇ ਗੁਰਬਾਣੀ ਰਚੀ ਤਾਂ ਸਭ ਤੋਂ ਜ਼ਿਆਦਾ, ਗਿਆਨ ਤੇ ਸ਼ਾਂਤੀ ਦਾ ਉਪਦੇਸ਼ ਦਿਤਾ ਤੇ ਬੇਮਿਸਾਲ ਅਤੇ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਆਪਣਾ ਆਪ ਵੀ ਨਿਛਾਵਰ ਕਰਨਾ ਪਿਆ ਤਾਂ ਸੰਕੋਚ ਨਾ ਕੀਤਾ । ਗੁਰੂ ਮਹਾਰਾਜ ਭਾਵੇਂ ਸ਼ਾਂਤੀ ਤੇ ਸਹਿਨਸ਼ੀਲਤਾ ਦੇ ਪੁੰਜ ਸਨ ਪਰ ਉਹ ਲੋਕਾਂ ਤੇ ਧੱਕਾ ਹੁੰਦਾ ਵੇਖ ਕੇ ਸਹਾਰ ਨਹੀਂ ਸਨ ਸਕਦੇ ।

ਗੁਰੂ ਜੀ ਨੇ ਲੋਕਾਂ ਨੂੰ ਗੁਰਬਾਣੀ ਦੁਆਰਾ ਗਿਆਨ ਤੇ ਸ਼ਾਂਤੀ ਦਿਤੀ । ਸੱਚੇ ਆਚਾਰ ਤੇ ਸਦਾ-ਚਾਰ ਦਾ ਉਪਦੇਸ਼ ਕੀਤਾ । ਆਪਣੇ ਸਿਖਾਂ ਨਾਲ ਦੁਖ ਸੁਖ ਦੀ ਸਾਂਝ ਪਾਈ । ਮਾਤਾ ਗੰਗਾ ਜੀ ਨੂੰ



www.AKJ.Org

ਨਾਲ ਲੈ ਕੇ ਸੰਗਤਾਂ ਦੀ ਸੇਵਾ ਕੀਤੀ। ਉਨ੍ਹਾਂ ਦੀਆਂ ਲੋੜਾਂ ਮਹਿਸੂਸੀਆਂ ਤੇ ਉਨ੍ਹਾਂ ਦੀ ਪੂਰਤੀ ਲਈ ਤਾਣ ਲਾਇਆ।

ਸੁਖਮਨੀ ਦਾ ਕਰਤਾ, ਬਾਣੀ ਦਾ ਬੋਹਿਥ, ਅੱਗ ਤੇ ਬੈਠਾ—ਇਸ ਲਈ ਕਿ ਜ਼ੁਲਮ ਦੀ ਅੱਗ ਠੰਡੀ ਹੋ ਜਾਵੇ। ਗੁਰੂ ਜੀ ਤੱਤੀ ਤਵੀ ਉਤੇ ਬੈਠੇ, ਉਬਲਦੀ ਦੇਗ ਵਿਚ ਉਬਲੇ ਤੇ ਪਵਿਤਰ ਕੋਮਲ ਸਰੀਰ ਉਤੇ ਸੜਦੀ ਬਲਦੀ ਰੇਤ ਪਵਾਈ ਤਾਂ ਜੋ ਕੌਮ ਦਾ ਠੰਡਾ ਯੱਖ ਜੰਮਿਆ ਹੋਇਆ ਲਹੂ ਪੰਘਰੇ ਤੇ ਸੁਤੀ ਕੌਮ ਜਾਗ ਕੇ ਹਰਕਤ ਵਿਚ ਆਏ।

ਆਪ ਨੇ ਦੇਖਿਆ ਕਿ ਬੇਦੋਸ਼ੇ ਅਤੇ ਨਿਹਥੇ ਲੋਕਾਂ ਉਤੇ ਜ਼ਾਲਮ ਸਰਕਾਰ ਵਲੋਂ ਵਾਰ ਹੋ ਰਹੇ ਹਨ। ਗੁਰੂ ਨਾਨਕ ਦੇਵ ਜੀ ਦੇ ਚਲਾਏ ਧਰਮ ਉਤੇ ਹਮਲੇ ਹੋਣ ਲਗ ਪਏ ਹਨ। ਲੋਕਾਂ ਦੇ ਖਿਆਲਾਂ ਦੀ ਆਜ਼ਾਦੀ ਖਤਰੇ ਵਿਚ ਹੈ। ਆਪ ਨੇ ਲੋਕ ਵੈਰੀਆਂ ਨੂੰ ਵੰਗਾਰਿਆ ਜ਼ੁਲਮ ਤੇ ਅਤਿਆਚਾਰ ਦਾ ਮੁਕਾਬਲਾ ਕਰਨ ਲਈ ਸ਼ਾਂਤਮਈ ਕੁਰਬਾਨੀ ਦੇ ਜ਼ਬਰਦਸਤ ਹਥਿਆਰ ਨਾਲ ਸਫਲ ਤੇ ਬੇ-ਮਿਸਾਲ ਟਾਕਰਾ ਕੀਤਾ, ਜਿਸ ਤੇ ਅਸੀਂ ਅੱਜ ਤਕ ਮਾਣ ਕਰਦੇ ਹਾਂ। ਆਪ ਨੇ ਜਬਰ ਦਾ ਟਾਕਰਾ ਸਬਰ ਨਾਲ ਕਰਕੇ ਮਨੁਖਤਾ ਨੂੰ ਇਕ ਨਵੀਂ ਜੀਵਨ ਜਾਚ ਸਿਖਾਈ। ਆਪਣੀ ਸ਼ਹਾਦਤ ਦੇ ਕੇ ਜਿਥੇ ਸਿਖੀ ਅਣਖ ਨੂੰ ਉਚਿਆਂ ਕੀਤਾ ਉਥੇ ਬਦੇਸ਼ੀ ਰਾਜ ਦੀਆਂ ਜੜ੍ਹਾਂ ਵੀ ਹਿਲਾ ਦਿਤੀਆਂ।

## —ਸ਼ਹਾਦਤ ਦਾ ਅਸਰ—

ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਧਰਮ ਦੇ ਇਤਿਹਾਸ ਵਿਚ, ਦੇਸ਼ ਤੇ ਕੌਮ ਉਸਾਰੀ ਦੇ ਇਤਿਹਾਸ ਵਿਚ ਇਕ ਮਹਾਨ ਤੇ ਜੁਗ ਪਲਟਾਊ ਮਿਸਾਲ ਹੈ, ਇਕ ਅਦੁਤੀ ਦੇਣ ਹੈ। ਪ੍ਰਸਿਧ ਮੁਸਲਮਾਨ ਇਤਿਹਾਸਕਾਰ ਲਤੀਫ਼ ਦੇ ਸ਼ਬਦਾਂ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਮਨੁਖਤਾ ਦੇ ਇਤਿਹਾਸ ਵਿਚ ਇਨਕਲਾਬੀ ਮੋੜ ਦੀ ਸੂਚਕ ਹੈ।

ਆਪ ਦੀ ਸ਼ਹੀਦੀ ਨੇ ਸਿਖੀ ਲਹਿਰ ਵਿਚ ਸਮੇਂ ਦੀ ਲੋੜ ਅਨੁਸਾਰ ਪਲਟਾ ਲੈ ਆਂਦਾ, ਜਿਸ ਦਾ ਫਲ ਇਹ ਨਿਕਲਿਆ ਕਿ ਸਿਖ ਨਵੀਂ ਸ਼ਕਲ ਵਿਚ ਜਥੇਬੰਦ ਹੋਣ ਲਗੇ। ਹੁਣ ਇਹ ਅਨੁਭਵ ਕੀਤਾ ਜਾਣ ਲਗ ਪਿਆ ਕਿ ਧਰਮ ਰਖਿਆ ਤੇ ਸਵੈਮਾਣ ਲਈ ਤਾਕਤ ਤੇ ਜਥਬੰਦੀ ਦਾ ਹੋਣਾ ਜ਼ਰੂਰੀ ਹੈ। ਗੁਰੂ ਹਰਿਗੋਬਿੰਦ ਜੀ ਨੇ 'ਮੀਰੀ ਤੇ ਪੀਰੀ' ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ 'ਸੰਤ ਸਿਪਾਹੀ' ਨੂੰ ਜਨਮ ਦਿਤਾ। ਭਗਤੀ ਤੇ ਸ਼ਕਤੀ ਇੱਕਠੀਆਂ ਹੋ ਗਈਆਂ। ਸਿਮਰਨ ਤੇ ਸੂਰਮਤਾਈ ਦਾ ਸਾਂਝਾ ਮੇਲ ਹੋ ਗਿਆ।

ਸਮੇਂ ਦੀ ਲੋੜ ਤੇ ਹਾਲਾਤ ਅਨੁਸਾਰ ਕਦੇ ਇਕ ਗੁਣ ਦੀ ਵਧੇਰੇ ਲੋੜ ਪੈਂਦੀ ਹੈ ਤੇ ਕਦੇ ਦੂਸਰੇ ਦੀ। ਪਰ ਇਹ ਕਦੇ ਨਹੀਂ ਹੋਇਆ ਕਿ ਕਿਸੇ ਗੁਣ ਦੀ ਬਿਲਕੁਲ ਹੀ ਲੋੜ ਨਾ ਰਹੇ। ਸਿਮਰਨ ਤੇ ਭਗਤੀ-ਭਾਵ ਦੀ ਲੋੜ ਸਦਾ ਹੀ ਹੈ ਤੇ ਸੂਰਮਤਾਈ, ਤਿਆਗ ਅਤੇ ਕੁਰਬਾਨੀ ਦੀ ਲੋੜ ਭੀ ਹਮੇਸ਼ਾ ਹੀ ਹੈ। ਜੇ ਜ਼ਰਾ ਗਹੁ ਨਾਲ ਤੱਕੀਏ ਤਾਂ ਇੰਜ ਜਾਪੇਗਾ ਕਿ ਸਾਰੇ ਗੁਣ ਇਕੋ ਹੀ ਵੱਡੇ ਗੁਣ (ਧਰਮ) ਦੇ ਵਖ ਵਖ ਪਰਗਟਾ ਹਨ। ਸੱਚਾ ਸੂਰਮਾ ਉਹੋ ਹੋ ਸਕਦਾ ਹੈ ਜੋ ਸੱਚਾ ਧਰਮੀ ਹੋਵੇ



www.AKJ.Org

ਸੱਚਾ ਸ਼ਹੀਦ ਉਹੋ ਹੋਵੇਗਾ ਜੋ ਸਚਾ ਭਗਤ ਹੋਵੇ । ਭਗਤੀ ਹੀ ਤਾਂ ਤਿਆਗ ਸੇਵਾ ਤੇ ਪਰ-ਉਪਕਾਰ ਦਾ ਜਜ਼ਬਾ ਪੈਦਾ ਕਰਦੀ ਹੈ ਤੇ ਇਹ ਹੀ ਸੂਰਮਤਾਈ ਦੀ ਨੀਂਹ ਹੈ ਅਤੇ ਸ਼ਹੀਦੀ ਪਾਣਾ ਸਭ ਤੋਂ ਵਡਾ ਉਪਕਾਰ ਹੈ । ਸ਼ਹੀਦੀ ਸੇਵਾ ਦਾ ਆਖਰੀ ਦਰਜਾ ਹੈ ।

ਜੇ ਇਤਿਹਾਸ ਤੇ ਨਜ਼ਰ ਮਾਰੀਏ ਤਾਂ ਇਉਂ ਜਾਪਦਾ ਹੈ ਕਿ ਸਮੇਂ ਸਮੇਂ ਸਿਰ ਮਹਾਂਬਲੀ ਤ- ਹੁੰਦੇ ਰਹੇ ਹਨ ਪਰ ਸ਼ਰਤ ਇਹ ਹੈ ਕਿ ਪਹਿਲਾਂ ਕੋਈ ਮਹਾਨ ਤਿਆਗੀ ਆਪਣੀ ਸ਼ਹਾਦਤ ਦੇਵੇ । ਸਿਖ ਇਤਿਹਾਸ ਵਿਚ ਪੰਚਮ ਗੁਰੂ ਦੀ ਭਗਤੀ ਤੇ ਸ਼ਹੀਦੀ ਨੇ ਗੁਰੂ ਹਰਿ ਗੋਬਿੰਦ ਜੀ ਵਰਗੇ ਸੂਰਮੇ ਨੂੰ ਜਨਮ ਦਿਤਾ ਤੇ ਗੁਰੂ ਤੇਗ ਬਹਾਦਰ ਦੇ ਤਿਆਗ ਤੇ ਕੁਰਬਾਨੀ ਨੇ ਗੁਰੂ ਗੋਬਿੰਦ ਜੀ ਵਰਗਾ 'ਮਰਦ ਅਗੰਮੜਾ' ਤੇ 'ਵਰਿ ਅਮ ਅਕੇਲਾ' ਪੈਦਾ ਕੀਤਾ ।

---

(ਸਫਾ 19 ਦੀ ਬਾਕੀ)

ਮੌਕਾ ਸਮਝਿਆ ਕਿ ਜਿਤਨੇ ਭੀ ਤਨ ਤਸੀਹੇ ਗੁਰੂ ਸਾਹਿਬ ਨੂੰ ਦਿਤੇ ਜਾਣ ਉਨੇ ਹੀ ਉਸ ਦੇ ਮਨ ਦੀ ਖਾਰ ਕੱਢਣ ਲਈ ਹੋਣਗੇ । ਇਹ ਬਾਤ ਬਿਲਕੁਲ ਗਲਤ ਹੈ ਕਿ ਚੰਦੂ ਨੇ ਆਪਣੀ ਹੀ ਨਿਜ ਖਾਰ ਕੱਢਣ ਲਈ ਗੁਰ ਸਾਹਿਬ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਜੀ ਉਪਰ ਇਹ ਵਾਰ ਕੀਤੇ। ਜੋ ਹੋਇਆ ਸੋ ਉਸ ਸਮੇਂ ਦੇ ਨਾਦਰ ਗਰਦ ਬਾਦਸ਼ਾਹ ਜਹਾਂਗੀਰ ਦੇ ਇਸ਼ਾਰੇ ਨਾਲ ਹੋਇਆ । ਗੁਰੂ ਸਾਹਿਬ ਉਪਰ ਵਕਤ ਦੇ ਬਾਦਸ਼ਾਹ ਜਹਾਂਗੀਰ ਦੀ ਬਹੁਤੀ ਇਹੋ ਹੀ ਕੀਨਾਂ ਦੋਜ਼ੀ ਸੀ ਕਿ ਗੁਰੂ ਸਾਹਿਬ ਜੀ ਨੇ ਉਸ ਦੀ ਮਰਜੀ ਅਨੁਸਾਰ ਸ੍ਰੀ ਗੁਰੂ ਗਰੰਥ ਸਾਹਿਬ ਵਿਖੇ ਗੁਰਵਾਕ ਕਿਉਂ ਨਾ ਪਲਟ ਦਿਤੇ। ਬੱਸ ਏਸੇ ਕੇਵਲ ਏਸ ਖਾਰ ਦੀ ਖਾਤਰ ਗੁਰੂ ਸਾਹਿਬ ਗੁਰੂ ਅਰਜਨ ਸਾਹਿਬ ਜੀ ਨੂੰ ਤਨ-ਤਸੀਹੇ ਮਿਲੇ। ਗੁਰੂ ਸਾਹਿਬ ਸੱਚੇ ਪਾਤਸ਼ਾਹ ਤਾਂ ਅੱਗੇ ਹੀ ਇਸ ਕੂੜਾਵੇ ਸਰੀਰ ਦਾ ਠੀਕਰਾ ਕੂੜਾਵੀ ਦੁਨਿਆਵੀ ਹਵਸ ਗਰਦੀ ਹਵਸ ਅਤੇ ਤਮ੍ਹਾਂ ਉਪਰ ਭੰਨ ਦੇਣਾ ਚਾਹੁੰਦੇ ਸਨ ਅਤੇ ਸੁਖਮਨੀ ਸਾਹਿਬ ਦੀ ਸੱਚੀ ਬਾਣੀ ਵਿਚ ਬ੍ਰਹਮ ਗਿਆਨੀ ਦੇ ਲੱਛਣਾਂ ਦੀ ਪਰਖ ਬਦਲੇ ਇਹ ਸੱਚੀ ਕੁਰਬਾਨੀ ਦੇਣਾ ਚਾਹੁੰਦੇ ਸਨ ਜੋ ਪ੍ਰਮਾਰਥੀ ਪੁਰਸ਼ਾਂ ਲਈ ਤੁਛ ਮਾਤਰ ਹੁੰਦੀ ਹੈ । ਦੁਨਿਆਵੀ ਤਮ੍ਹਾਂ ਵਾਲਾ ਹਰ ਇਕ ਇਨਸਾਨ ਇਹ ਸੱਚੀ ਕੁਰਬਾਨੀ ਨਹੀਂ ਦੇ ਸਕਦਾ, ਜਦ ਤਕ ਕਿ ਉਸ ਦੇ ਰੋਮ ਰੋਮ ਅੰਦਰ ਸੱਚੀ ਸ਼ਹੀਦੀ ਸਪਿਰਟ ਨਾ ਸਮਾਈ ਹੋਵੇ । ਹੋਰ ਤਾਂ ਕੀ ਕਹਿਣਾ ਹੈ ਕਿ ਰਾਮ ਰਾਇ ਸਾਰਖੇ ਗੁਰੂ ਘਰ ਵਿਖੇ ਪਲੇ ਹੋਏ ਭੀ ਸੁਆਰਥ ਗਰਦੀ ਦੀ ਕਾਂਪ ਖਾ ਗਏ ਅਤੇ ਹਮੇਸ਼ਾਂ ਲਈ ਗੁਰੂ ਘਰ ਦੇ ਸਿੱਖਾਂ ਦੀਆਂ ਨਜ਼ਰਾਂ ਵਿਚ ਮਨਜ਼ੂਰ ਨਾ ਪਏ । ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਏਸੇ ਕਰਕੇ ਹੀ ਸੱਚੀ ਅਤੇ ਨਿਸ਼ਕਾਮ ਗਰਦਾਨੀ ਜਾਂਦੀ ਹੈ ਕਿ ਗੁਰੂ ਸਾਹਿਬ ਜੀ ਨੇ ਆਪਣੇ ਸਵਾਰਥੀ ਕਿਸੇ ਮਤਲਬ ਖਾਤਰ ਯਾ ਕੂੜਾਵੇ ਤਨ ਦੀ ਰਖਿਆ ਖਾਤਰ ਇਹ ਧਾਰਨਾ ਨਹੀਂ ਧਾਰੀ ਅਤੇ ਆਪਣੇ ਗੁਰੂ ਦਰਸਾਏ ਗੁਰਵਾਕਾਂ ਉਤੇ ਪਰਬਤ ਦੀ ਨਿਆਈਂ ਅਟੱਲ ਰਹੇ ।



www.AKJ.Org

# ਸਤਿਗੁਰੂ ਫੁਰਮਾਇਆ

(ਪ੍ਰੋ. ਹਰਬੰਸ ਸਿੰਘ)

ਸਤਿਗੁਰੂ ਫੁਰਮਾਇਆ ਕਾਰੀ ਏਹ ਕਰੇਹੁ ।
ਗੁਰੂ ਦੁਆਰੈ ਹੋਇਕੈ ਸਾਹਿਬੁ ਸੰਮਾਲੇਹੁ ।
ਸਾਹਿਬੁ ਸਦਾ ਹਜੂਰਿ ਹੈ,
ਭਰਮੈ ਕੇ ਛਉੜ ਕਟਿਕੈ ਅੰਤਰਿ ਜੋਤਿ ਧਰੇਹੁ ।
ਹਰਿ ਕਾ ਨਾਮੁ ਅੰਮ੍ਰਿਤੁ ਹੈ
ਦਾਰੂ ਏਹੁ ਲਾਏਹੁ ।
ਸਤਿਗੁਰ ਕਾ ਭਾਣਾ ਚਿਤਿ ਰਖਹੁ
ਸੰਜਮੁ ਸਚਾ ਨੇਹੁ ।
ਨਾਨਕ ਐਥੈ ਸੁਖੈ ਅੰਦਰਿ ਰਖਸੀ
ਅਗੈ ਹਰਿ ਸਿਉ ਕੇਲ ਕਰੇਹੁ ।

ਮ: 3 (ਬਿਹਾਗੜੇ ਕੀ ਵਾਰ)

ਪਰਉਪਕਾਰੀ-ਜਨ ਸ੍ਰੀ ਸਤਿਗੁਰੂ ਜੀ ਨੂੰ ਸਾਡੇ ਰੋਗੀਆਂ ਤੇ ਤਰਸ ਆਇਆ । ਅਸੀਂ ਤਨ ਅਤੇ ਮਨ ਦੇ ਰੋਗਾਂ ਵਿਚ ਗ੍ਰੱਸੇ ਕੁਰਲਾ ਰਹੇ ਸੀ । ਸਤਿਗੁਰੂ ਜੀ ਨੇ ਮੇਹਰ ਦੀ ਨਜ਼ਰ ਨਾਲ ਸਾਨੂੰ ਰੋਗਾਂ ਵਿੱਚ ਤੜਫਦੇ ਦੇਖਿਆ । ਤੇਨੂੰ ਆਖਿਆ ਕਿ ਬੀਬਾ ਐਸੇ ਦੁਖੀ ਕਿਓਂ ਹੋ ? ਮੈਂ ਤੁਹਾਨੂੰ ਦੁਆਈ ਦਸਦਾ ਹਾਂ, ਓਹ ਦਾਰੂ ਵਰਤੋ । ਉਸ ਦਾਰੂ ਦੇ ਵਰਤਣ ਨਾਲ ਤੁਹਾਡੇ ਰੋਗ ਕੱਟੇ ਜਾਣਗੇ, ਰੋਗ ਰਹਿਤ ਹੋ ਜਾਵੋਗੇ, ਦੁੱਖ ਦੂਰ ਹੋ ਜਾਵੇਗਾ ਅਤੇ ਉਸਦੀ ਥਾਂ ਸੁਖ ਆ ਥਾਂ ਮੱਲੇਗਾ, ਅਜੇਹਾ ਸੁਖ ਜਿਸਦੇ ਹੁੰਦਿਆਂ ਇਸ ਸੰਸਾਰ ਅੰਦਰ ਭੀ ਅਨੰਦ ਕਰੋਗੇ ਅਤੇ ਅੱਗੇ ਜਾ ਕੇ ਅਕਾਲ ਪੁਰਖ ਨਾਲ ਭੀ ਮੌਜਾਂ ਮਾਣੋਗੇ ।

ਸਤਿਗੁਰੂ ਜੀ ਨੇ ਆਖਿਆ ਕਿ ਬੀਬਾ ਗੁਰੂਦੁਆਰੇ ਜਾਕੇ ਗੁਰਦੀਖਿਆ (ਖੰਡੇ ਦੀ ਪਹੁਲ) ਲੈ ਕੇ ਨਾਮ ਨੂੰ ਹਿਰਦੇ ਵਿੱਚ ਵਸਾਓ । ਅਕਾਲ ਪੁਰਖ ਸਦਾ ਅੰਗ ਸੰਗ ਹੈ । ਭਰਮ ਵਹਿਮ ਛਡਕੇ ਪ੍ਰਭੂ ਨਾਮ ਦੀ ਜੋਤ ਹਿਰਦੇ ਵਿੱਚ ਜਗਾਓ । ਵਾਹਿਗੁਰੂ ਨਾਮ ਅੰਮ੍ਰਿਤ ਹੈ । ਇਸ ਨੂੰ ਚੱਖੋ, ਪੀਵੋ, ਗਟਾਕ ਗਟਾਕ ਪੀਵੋ (ਸਵਾਸ ਸਵਾਸ ਜਪੋ) । ਇਹ ਸੰਜੀਵਨੀ ਬੂਟੀ ਹੈ ਇਹ ਦਾਰੂ ਵਰਤੋ । ਇਸ ਨਾਮ ਅੰਮ੍ਰਿਤ ਦੁਆਈ ਦੀ ਵਰਤੋਂ ਕਰੋ । ਸਤਿਗੁਰੂ ਦੇ ਭਾਣੇ (ਹੁਕਮ) ਨੂੰ ਚੇਤੇ ਰੱਖੋ । ਉਸ ਦੇ ਹੁਕਮਾਂ ਅੰਦਰ ਰਹੋ । ਉਸਦੇ ਭਾਣੇ ਨੂੰ ਚੇਤੇ ਰੱਖਣਾ, ਉਸਦਾ ਭਾਣਾ ਮੰਨਣਾ, ਉਸਦੇ ਹੁਕਮਾਂ ਦੀ ਪਾਲਨਾ ਕਰਨੀ ਹੀ ਸੱਚਾ ਸੰਜਮ ਅਤੇ ਪਿਆਰ ਹੈ, ਜੀਵ ਲਈ ਸਤਿਗੁਰੂ ਦਾ ਹੁਕਮ ਤਾਂ ਫਿਰ ਇਉਂ ਹੀ ਹੋਇਆ —

(i) ਗੁਰੂ ਦੁਆਰਿਓਂ (ਪੰਜਾਂ ਪਿਆਰਿਆਂ ਕੋਲੋਂ) ਅੰਮ੍ਰਿਤ ਛਕੋ ਅਤੇ ਨਾਮ ਨੂੰ ਹਿਰਦੇ ਵਿਚ ਵਸਾਓ ।



www.AKJ.Org

(ii ) ਵਹਿਮ ਭਰਮ ਛਡਕੇ ਹਿਰਦੇ ਵਿੱਚ ਨਾਮ ਦੀ ਜੋਤ ਜਗਾਓ ਅਥਵਾ "ਨਾਮ ਜਪੰਦੜੀ ਲਾਲੀ" ਬਣੋ।

(iii) ਵਾਹਿਗੁਰੂ ਨਾਮ ਅੰਮ੍ਰਿਤ ਹੈ। ਇਹ ਦਾਰੂ ਵਰਤੋ।

(iv ) ਸਤਿਗੁਰੂ ਦਾ ਭਾਣਾ ਚਿਤ ਰੱਖੋ।

ਇਸ ਦਾ ਭਾਵ ਇਹ ਹੋਇਆ ਕਿ ਮਨੁੱਖ ਨੂੰ ਗੁਰਦਵਾਰਿਓਂ ਅੰਮ੍ਰਿਤ ਛਕਕੇ ਨਾਮ ਨੂੰ ਹਿਰਦੇ ਵਿੱਚ ਵਸਾਉਣਾ ਚਾਹੀਦਾ ਹੈ। ਸਤਿਗੁਰੂ ਦੇ ਭਾਣੇ ਵਿਚ ਰਹਿੰਦੇ ਹੋਏ ਆਪਣੇ ਦੁੱਖ ਦੂਰ ਕਰਨ ਵਾਸਤੇ "ਨਾਮ" ਦੀ ਦੁਆਈ ਵਰਤਣੀ ਚਾਹੀਦੀ ਹੈ।

ਸਤਿਗੁਰੂ ਦਾ ਹੁਕਮਨ ਸਿਰ ਹੁਕਮ ਨਾਮ ਜਪਣ ਵਾਸਤੇ ਹੀ **ਹੈ** । ਨਾਮ ਦੀ ਪ੍ਰਾਪਤੀ ਗੁਰੂਦੁਆਰਿਓਂ ਹੋਣੀ ਹੈ। ਤਾਂਤੇ ਜਿਨ੍ਹਾਂ ਪ੍ਰਾਣੀਆਂ ਨੇ ਹਾਲੇ ਤੀਕ ਅੰਮ੍ਰਿਤ ਨਹੀਂ ਛਕਿਆ ਉਨ੍ਹਾਂ ਨੂੰ ਅੰਮ੍ਰਿਤ ਛਕਣਾ ਚਾਹੀਦਾ ਹੈ। ਅੰਮ੍ਰਿਤ ਛਕਨ ਕਾਰਨ ਹਿਰਦੇ ਵਿਚ ਨਾਮ ਬੀਜਿਆ ਜਾਵੇਗਾ। ਨਾਮ ਦਾ ਅੰਮ੍ਰਿਤ ਰਸ ਚਖਣ ਵਾਸਤੇ ਨਾਮ ਦੀ ਕਮਾਈ ਕਰਨੀ ਪਵੇਗੀ, ਉਠਦਿਆਂ. ਬਹਿੰਦਿਆਂ, ਤੁਰਦਿਆਂ ਫਿਰਦਿਆਂ, ਸੌਂਦਿਆਂ, ਜਾਗਦਿਆਂ, ਬਾਰ ਬਾਰ, ਸਾਸ ਗਿਰਾਸ, ਸਵਾਸ ਸਵਾਸ, ਹਰ ਰੋਜ਼ ਨਾਮ ਜਪਣਾ ਪਵੇਗਾ। ਇਸ ਤਰਾਂ ਹਰ ਵੇਲੇ ਨਾਮ ਅੰਮ੍ਰਿਤ ਪੀਂਦਿਆਂ ਸਰੀਰ ਦੇ ਰੋਗ ਦੂਰ ਹੋ ਜਾਣਗੇ, ਦੁੱਖ ਦੀ ਥਾਂ ਸੁੱਖ ਆ ਵੱਸਣਗੇ, ਮਸਤਕ ਮਣੀ ਦਗ ਦਗ ਕਰ ਉਠੇਗੀ, ਸਰੀਰ ਤੰਦ-ਰੁਸਤ ਹੋ ਜਾਵੇਗਾ ਅਤੇ ਹਿਰਦਾ ਕੰਵਲ ਫੁਲ ਵਾਂਗ ਖਿੜ ਉਠੇਗਾ। ਅਨੰਦੋ ਅਨੰਦ ਹੋ ਜਾਵੇਗਾ। ਸੁੱਕਾ ਬਾਜ ਹਰਿਆ ਹੋ ਜਾਵੇਗਾ। ਬਸੰਤ ਆ ਜਾਵੇਗੀ, ਕਰੂੰਬਲਾਂ ਫੁੱਟ ਪੈਣਗੀਆਂ, ਮਹਿਕ ਫੈਲ ਜਾਵੇਗੀ, ਖੇੜਾ ਵਸ ਜਾਵੇਗਾ, ਅੰਦਰ ਬਾਹਰ ਹਰਿਆ ਭਰਿਆ ਨਜ਼ਰ ਆਵੇਗਾ। ਅਸਲੀ ਅਨੰਦ ਵਸ ਜਾਵੇਗਾ ਅਤੇ ਅਕਾਲ ਪੁਰਖ ਦੀ ਮਿਹਰ ਰਹੀ ਤਾਂ "ਸਦਾ ਬਸੰਤ" ਹੀ ਰਹੇਗੀ, ਮਨ ਹਮੇਸ਼ਾ ਖਿੜਿਆ ਰਹੇਗਾ।

"ਮਨ ਹਰਿਆ ਹੋਇਆ ਬਾਗ", ਸੁੱਕਾ ਮਨ ਹਰਿਆ ਭਰਿਆ ਹੋ ਜਾਵੇਗਾ, ਬਾਗ ਮਹਿਕ ਉਠੇਗਾ ਨਾਮ ਜਪਣ ਕਰਕੇ, ਨਾਮ ਅੰਮ੍ਰਿਤ ਪੀਣ ਕਰਕੇ, ਨਾਮ ਅਉਖਧ (ਦੁਆਈ) ਖਾਣ ਕਰਕੇ, ਨਾਮ ਰਸ ਪਾਉਣ ਕਰਕੇ, 'ਜਾਕੋ ਰਸ ਹਰ ਰਸ ਹੈ ਆਇਓ ਸੋ ਆਨਰਸਾ ਨਹੀਂ ਲਪਟਾਇਓ।" ਜਿਸ ਨੂੰ ਨਾਮ ਰਸ ਆ ਗਿਆ ਉਸਨੂੰ ਹੋਰ ਰਸਾਂ ਦੀ ਲੋੜ ਨਹੀਂ ਰਹੀ, ਨਾਮ ਦੇ ਰਸ ਤੋਂ ਸਭ ਪ੍ਰਕਾਰ ਦੇ ਰਸ ਥੋਥੇ ਹਨ। ਇਸ ਮਹਾਂ-ਰਸ ਨੂੰ ਉਹੀਓ ਹੀ ਜਾਣ ਸਕਦਾ ਹੈ ਜਿਸ ਨੇ ਚਖਿਆ ਹੈ,

ਸੋ ਜਾਣੈ ਜਿਨਿ ਚਾਖਿਆ, ਹਰਿ ਨਾਮੁ ਅਮੋਲਾ;
ਕੀਮਤਿ ਕਹੀ ਨ ਜਾਈਐ, ਕਿਆ ਕਹਿ ਮੁਖਿ ਬੋਲਾ।"

(ਬਿਲਾਵਲੁ ਮ : 5)



www.AKJ.Org

ਨਾਮ ਦਾ ਅਚਰਜ ਸੁਆਦ ਹੈ। ਇਸ ਨੂੰ ਵਰਣਨ ਨਹੀਂ ਕੀਤਾ ਜਾ ਸਕਦਾ, ਇਹ ਮਾਣਿਆ ਜਾ ਸਕਦਾ ਹੈ, ਬਿਆਨ ਨਹੀਂ ਕੀਤਾ ਜਾ ਸਕਦਾ। ਇਹ ਗੂੰਗੇ ਦੇ ਮਠਿਆਈ ਖਾਣ ਵਾਂਗ ਹੈ। ਗੂੰਗਾ ਮਠਿਆਈ ਦਾ ਸੁਆਦ ਮਾਣ ਸਕਦਾ ਹੈ ਪਰ ਉਸ ਸੁਆਦ ਨੂੰ ਦੱਸ ਨਹੀਂ ਸਕਦਾ, ਇਵੇਂ ਹੀ ਨਾਮ ਦੇ ਰਸ ਨੂੰ ਮਾਣਿਆਂ ਹੀ ਜਾ ਸਕਦਾ ਹੈ, ਕਥਨ ਨਹੀਂ ਕੀਤਾ ਜਾ ਸਕਦਾ।

ਰੋਗੀ ਮਨੁੱਖ ਨੂੰ ਸਤਿਗੁਰੂ ਨੇ ਨਾਮ ਦਾ ਦਾਰੂ ਵਰਤਣ ਲਈ ਕਿਹਾ ਹੈ। ਮਰੀਜ਼ ਨੂੰ ਰਾਜ਼ੀ ਹੋਣ ਵਾਸਤੇ ਅਜੇਹੀ ਦੁਆਈ ਦੀ ਵਰਤੋਂ ਕਰਨੀ ਚਾਹੀਦੀ ਹੈ। ਅਜੇਹਾ ਬੰਦੋਬਸਤ ਕਰਨਾ ਚਾਹੀਦਾ ਹੈ ਜਿਸ ਕਾਰਨ ਦੁਆਈ ਮਿਲਦੀ ਰਹੇ। ਐਸਾ ਉਪਰਾਲਾ ਕਰਨਾ ਚਾਹੀਦਾ ਹੈ ਜਿਸ ਕਾਰਨ ਨਾਮ ਦਾ ਸਿਮਰਨ ਹੁੰਦਾ ਰਹੇ ਸਤਿਗੁਰੂ ਜੀ ਨੇ ਭੀ ਇਹੋ ਹੀ ਕਿਹਾ ਹੈ :—

"ਸੋ ਸੰਜੋਗ ਕਰਹੁ ਮੇਰੇ ਪਿਆਰੇ,
ਜਿਤੁ ਰਸਨਾ ਹਰਿ ਨਾਮੁ ਉਚਾਰੇ।" (ਸੂਹੀ ਮ , ਪ)

ਐਸੀ ਬਿਧ ਬਣਾਓ ਜਿਸ ਕਾਰਨ ਰਸਨਾ ਨਾਮ ਜਪਦੀ ਰਹੇ। ਐਸੀ ਬਿਧ ਕੀ ਹੋ ਸਕਦੀ ਹੈ? ਸਤਿਗੁਰੂ ਦੇ ਹੁਕਮ ਹੀ ਤਾਂ ਹਨ, ਉਨ੍ਹਾਂ ਨੂੰ ਮੰਨੋ।

ਡਾਕਟਰ ਮਰੀਜ਼ ਨੂੰ ਦੁਆਈ ਦੇ ਜਾਂਦਾ ਹੈ। ਦੁਆਈ ਕਿਵੇਂ ਵਰਤਣੀ ਹੈ, ਕੀ ਕੀ ਪਰਹੇਜ਼ ਰਖਣੇ ਹਨ, ਕਿਹੜੀ ਖੁਰਾਕ ਖਾਣੀ ਹੈ ਆਦਿ ਸਾਰੀਆਂ ਗੱਲਾਂ ਡਾਕਟਰ ਦੁਆਈ ਦੇਣ ਸਮੇਂ ਦਸਦਾ ਹੈ ਤਾਂ ਜੋ ਦੁਆਈ ਦਾ ਅਸਰ ਕਾਰਗਰ ਹੋਵੇ ਅਤੇ ਮਰੀਜ਼ ਛੇਤੀ ਤੰਦਰੁਸਤ ਹੋ ਜਾਵੇ।

ਗੁਰੂ ਦਾ ਦੁਆਰਾ (ਗੁਰੂ-ਘਰ ਅਥਵਾ ਗੁਰਦੁਆਰਾ) ਜੀਵ ਲਈ ਹਸਪਤਾਲ ਹੈ ਜਿਥੇ ਡਾਕਟਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਿਰਾਜਮਾਨ ਹੁੰਦੇ ਹਨ, ਮੁੱਖ ਡਾਕਟਰ ਸਾਹਿਬ ਦੀ ਸਹਾਇਤਾ ਵਾਸਤੇ ਛੋਟੇ ਡਾਕਟਰ, ਕੰਪੋਡਰ, ਨਰਸਾਂ ਆਦਿ ਆਪੋ ਆਪਣੀ ਡਿਊਟੀ ਨਿਭਾ ਰਹੇ ਹੁੰਦੇ ਹਨ। ਮਰੀਜ਼ ਡਾਕਟਰ ਸਾਹਿਬ ਦੇ ਪੇਸ਼ ਹੁੰਦਾ ਹੈ,ਆਪਣਾ ਦੁੱਖ ਦਸਦਾ ਹੈ। ਪੰਜ ਪਿਆਰੇ ਸੋਚ ਵਿਚਾਰ ਕਰਦੇ ਹਨ, ਪੁੱਛ ਪੜਤਾਲ ਤੋਂ ਉਪ੍ਰੰਤ ਫੈਸਲਾ ਕਰਦੇ ਹਨ ਕਿ ਮੁੱਖ-ਔਸ਼ਧੀ (ਨਾਮ ਅੰਮ੍ਰਿਤ) ਦੇ ਯੋਗ ਹੈ ਕਿ ਨਹੀਂ। ਜੇ ਯੋਗ ਸਮਝਣਗੇ ਤਾਂ ਇਕ ਵਖ ਕਰ ਦੇਣਗੇ, ਅਯੋਗ ਰੋਗੀਆਂ ਨੂੰ ਔਸ਼ਧੀ ਖਾਣ ਯੋਗ ਬਣਨ ਲਈ ਹਿਦਾਇਤਾਂ ਕਰਕੇ ਦੂਜੇ ਪਾਸੇ ਭੇਜ ਦੇਣਗੇ।

ਨਾਮ ਅੰਮ੍ਰਿਤ ਉਸਨੂੰ ਮਿਲੇਗਾ ਜਿਹੜਾ ਪੰਜ ਕਕਾਰੀ ਰਹਿਤ ਧਾਰਨ ਅਤੇ ਚਾਰ ਬੱਜਰ ਕੁਰਹਿਤਾਂ ਤੋਂ ਬਚੇ ਰਹਿਣ ਲਈ ਪ੍ਰਤੱਗਿਆ ਕਰੇਗਾ। ਗੁਰੂ ਘਰ (ਹਸਪਤਾਲ) ਵਿੱਚ ਰਹਿਤਾਂ ਅਤੇ ਕੁਰਹਿਤਾਂ ਮਰੀਜ਼ ਵਾਸਤੇ ਪਰਹੇਜ ਅਤੇ ਬਚਾ ਵਾਸਤੇ ਖਾਸ ਹਦਾਇਤਾਂ ਹਨ।

ਸਤਿਗੁਰੂ ਜੀ ਆਪਣੇ ਸਿੱਖ (ਮਰੀਜ਼) ਨੂੰ ਇਉਂ ਉਪਦੇਸ਼ (ਹਦਾਇਤਾਂ) ਦਿੰਦੇ ਹਨ :—

"ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੋ ਭਲਕੇ ਉਠਿ ਹਰਿਨਾਮੁ ਧਿਆਵੈ।
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ।
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ



www.AKJ.Org

ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ।
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਿਦਿਆ ਉਠਦਿਆ ਹਰਿਨਾਮੁ ਧਿਆਵੈ,
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ ।
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸ ਗੁਰਸਿਖ ਗੁਰੂ ਉਪਦੇਸ਼ ਸੁਣਾਵੈ ।
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਮਿਖ ਜੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ।

ਮ: 4 (ਗਉੜੀ ਕੀ ਵਾਰ)

(ਅੰਮ੍ਰਿਤ ਵੇਲੇ ਉਠਕੇ ਇਸ਼ਨਾਨ ਕਰੋ: ਨਾਮ ਜਪੋ, ਗੁਰਬਾਣੀ ਗਾਵੋ, ਬਹਿੰਦਿਆਂ ਉਠਦੀਆਂ ਸਵਾਸ ਸਵਾਸ ਨਾਮ ਜਪ ਆਪ ਨਾਮ ਜਪੋ ਅਤੇ ਦੂਜਿਆਂ ਨੂੰ ਨਾਮ ਜਪਣ ਵਿਚ ਮਦਦ ਕਰੋ)

ਨਾਮ ਜਪਣ ਵਿੱਚ ਕੀ ਚੀਜ਼ ਸਹਾਈ ਹੁੰਦੀ ਹੈ ? ਗੁਰੂ ਦੀ ਬਾਣੀ । ਕੇਵਲ ਸਤਿਗੁਰੂ ਦੀ ਹੀ ਬਾਣੀ ।

"ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ।
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ,
ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ ।
ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ,
ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ,
ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ।

(ਅਨੰਦ ਸਾਹਿਬ)

ਗੁਰਬਾਣੀ ਦਾ ਪੜ੍ਹਨਾ, ਸੁਣਨਾ ਅਤੇ ਭਾਵਣਾ ਖਿੰਡੀ ਹੋਈ ਬਿਰਤੀ ਨੂੰ ਨਾਮੀ (ਅਕਾਲ ਪੁਰਖ) ਨਾਲ ਜੋੜਨ ਵਿਚ ਸਹਾਈ ਹੁੰਦਾ ਹੈ । ਸਾਧ ਸੰਗਤਿ ਵਿੱਚ ਹਾਜ਼ਰੀ ਅਤੇ ਸੇਵਾ ਮਨ ਦੇ ਖਿੰਡਾਓ ਨੂੰ ਨਿਮਰ ਕਰਕੇ ਪ੍ਰਭੂ ਚਰਨਾਂ ਵਿਚ ਟਿਕਾਉਂਦੀ ਹੈ । ਨਾਮੀ ਨਾਲ ਪਿਆਰ ਉਮਡ ਪੈਂਦਾ ਹੈ, ਸੀਨੇ ਵਿਚ ਉਸਦੀ ਯਾਦ ਤੜਪ ਉਠਦੀ ਹੈ । ਉਸਨੂੰ ਮਿਲਣ ਵਾਸਤੇ ਅੰਦਰੋਂ ਹੂਕਾਂ ਉਠਦੀਆਂ ਹਨ । ਬਿਰਹਾ ਜਾਗ ਪੈਂਦਾ ਹੈ । ਤੇਰਾ ਤੇਰਾ, ਤੂੰ ਤੂੰ, ਤੂਹੀ ਤੂਹੀ ਕਰਦਾ 'ਤੂੰ' ਨਾਲ ਹੀ ਲਿਵਲੀਨ ਹੋ ਜਾਂਦਾ ਹੈ ਅਕਾਲ ਪੁਰਖ ਨਾਲ ਸੰਪਰਕ ਜੁੜ ਜਾਂਦਾ ਹੈ । ਰੇਡੀਓ ਵੱਜਣ ਲਗ ਪੈਂਦਾ ਹੈ, ਅਨਹਦ ਨਾਦ ਅਰੰਭ ਹੋ ਜਾਂਦਾ ਹੈ । ਨਾਮ ਦੀ ਟੱਕ ਟੱਕ ਸ਼ੁਰੂ ਹੋ ਜਾਂਦੀ ਹੈ, ਗੁਰੂ ਦੀ ਕਿਰਪਾ ਕਾਰਨ ਸਹਿਜ ਪਦ ਪ੍ਰਾਪਤ ਹੋ ਜਾਂਦਾ ਹੈ ਨਾਮ ਦਾ ਰਸ ਬੱਝ ਜਾਂਦਾ ਹੈ,

"ਜਰਾ ਮਰਾ ਨ ਵਿਆਪਈ ਫਿਰ ਦੂਖ ਨਾ ਪਾਇਆ ।
ਪੀ ਅੰਮ੍ਰਿਤੁ ਆਘਾਨਿਆ
ਗੁਰਿ ਅਮਰ ਕਰਾਇਆ,"

(ਬਿਲਾਵਲ ਮ: 5)



www.AKJ.Org

# ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ

ਸ: ਸੇਵਾ ਸਿੰਘ 'ਸੇਵਕ' ਤਰਨ ਤਾਰਨ

'ਸ਼ਹੀਦ', 'ਸ਼ਹੀਦੀ' ਅਥਵਾ 'ਸ਼ਹਾਦਤ' ਦਾ ਪਦ ਸਾਰੀਆਂ ਕੌਮਾਂ ਵਿਚ ਵਰਤਿਆਂ ਜਾਂਦਾ ਹੈ। 'ਸ਼ਹਾਦਤ' ਦੇ ਅਰਥ ਹਨ ਗਵਾਹੀ। ਭਾਵ ਕਿ ਰੱਬੀ ਅਸੂਲਾਂ ਅਨੁਸਾਰ ਜੀਵਨ ਬਤੀਤ ਕਰਨ ਦੀ ਪੱਕੀ ਗਵਾਹੀ ਦੇਣੀ ਅਤੇ ਇਨ੍ਹਾਂ ਯਤਨਾਂ ਵਿਚ ਉਚੇ ਅਸੂਲਾਂ ਦੀ ਪਾਲਣਾ ਕਰਦਿਆਂ ਆਪਣਾ ਆਪ ਨੁਛਾਵਰ ਕਰ ਜਾਣ ਵਾਲਿਆਂ ਵਾਸਤੇ ਸ਼ਬਦ ਵਰਤਿਆ ਜਾਂਦਾ ਹੈ 'ਸ਼ਹੀਦ'।

'ਸ਼ਹੀਦ' ਸਭ ਕੌਮਾਂ ਵਿਚ ਹੁੰਦੇ ਆਏ ਹਨ ਤੇ ਕੋਈ ਕੌਮ ਵੀ ਆਪਣੇ ਆਦਰਸ਼ ਵਿਚ ਸ਼ਹੀਦੀ ਕਰਤਵਾਂ ਦਾ ਦਿਖਾਵਾ ਕਰਨ ਤੋਂ ਬਿਨਾਂ ਵਧ ਫੁਲ ਨਹੀਂ ਸਕਦੀ। ਪਰ ਸਿਖੀ ਵਿਚ ਸ਼ਹੀਦ ਦਾ ਦਰਜਾ ਕੁਝ ਅਨੋਖਾ ਜਿਹਾ ਹੈ। ਸਿੱਖ ਕੌਮ ਨੂੰ ਇਹ ਫਖਰ ਪ੍ਰਾਪਤ ਹੈ ਕਿ ਜਿਥੇ ਇਸ ਵਿਚ ਸ਼ਹੀਦੀ ਦਾ ਮੱਯਾਰ ਅਤਿ ਅਨੂਪਮ ਤੇ ਨਿਰਾਲਾ ਹੈ, ਉਥੇ ਇਸ ਕੌਮ ਦੀ ਉਮਰ ਬਹੁਤ ਛੋਟੀ ਹੋਣ ਦੇ ਬਾਵਜੂਦ ਇਸ ਦੇ ਸਹੀਦਾਂ ਦੀ ਲੜੀ ਬਹੁਤ ਲੰਮੀ ਹੈ।

ਇਕ ਸ਼ਾਇਰ ਦਾ ਕਥਨ ਹੈ।

ਸ਼ਹਾਦਤੇ ਸ਼ਹੀਦਾਂ ਸ਼ੁਦਾ ਅਸਤ ਮਾਇਆ ਕੌਮ।
ਆਂ ਕੌਮ ਜ਼ਿੰਦਾ ਅਸਤ ਦਾਰਦ ਬਸੇ ਸ਼ਹੀਦ।

ਭਾਵ ਇਹ ਕਿ ਸ਼ਹੀਦਾਂ ਦੀ ਸ਼ਹਾਦਤ ਹੀ ਕੌਮ ਦਾ ਸਰਮਾਇਆ ਹੁੰਦਾ ਹੈ, ਜ਼ਿਆਦਾ ਜੀਵਨ ਉਸੇ ਕੌਮ ਵਿਚ ਹੁੰਦਾ ਹੈ ਜਿਸ ਵਿਚ ਕਿ ਸ਼ਹੀਦ ਜ਼ਿਆਦਾ ਹੋਣ।

ਕਈ ਕੌਮਾਂ ਵਿਚ ਤਾਂ ਸ਼ਹੀਦ ਪਦ ਇੰਨਾ ਸਸਤਾ ਤੇ ਨਿਰਾਰਥਕ ਜਿਹਾ ਹੋ ਗਿਆ ਹੈ ਕਿ ਉਥੇ ਜ਼ਾਤੀ ਗਰਜ਼ਾਂ ਦੀ ਪ੍ਰਾਪਤੀ ਲਈ ਮਰਨ ਵਾਲਿਆਂ ਨੂੰ 'ਸ਼ਹੀਦਾਂ' ਦਾ ਰੁਤਬਾ ਦਿਤਾ ਜਾਂਦਾ ਹੈ। ਕਈ ਵਾਰ ਦੋਹਾਂ ਪਾਸਿਆਂ ਤੋਂ ਲੜ ਮਰਨ ਵਾਲੇ ਆਪੋ ਆਪਣੀ ਕੌਮ ਵਿਚ 'ਸ਼ਹੀਦ' ਪਦ ਨਾਲ ਪੁਕਾਰੇ ਜਾਂਦੇ ਹਨ। ਇਸ ਲਈ 'ਸ਼ਹੀਦ' ਪਦ ਦਾ ਨਿਰਣਾ ਕਰਨਾ ਜ਼ਰੂਰੀ ਹੋ ਗਿਆ ਹੈ।

ਗੁਰਮਤ ਅਨੁਸਾਰ, ਪ੍ਰਭੂ ਦੀ ਜਾਣ ਪਛਾਣ ਤੇ ਆਤਮਕ ਵਸਲ ਪ੍ਰਾਪਤ ਕਰਨ ਵਾਲਾ ਜੀਵ, ਸ਼ਹੀਦੀ ਮਾਰਗ ਦਾ ਪਾਂਧੀ ਅਖਵਾ ਸਕਦਾ ਹੈ। ਅਜਿਹੇ ਸੁਭਾਗ ਪੁਰਸ਼ ਦੀ ਦ੍ਰਿਸ਼ਟੀ ਸਰਬ ਬ੍ਰਹਿਮੰਡੀ ਹੋ ਜਾਂਦੀ ਹੈ ਤੇ ਉਹ ਦੁਨਿਆਵੀ ਦੁਖ ਸੁਖ, ਹਰਖ, ਸੋਗ, ਨਿੰਦਾ ਉਸਤਤ, ਖੁਸ਼ੀ ਗਮੀ ਤੇ ਈਰਖਾ ਦਵੈਖ ਤੋਂ ਰਹਿਤ ਹੋ ਜਾਂਦਾ ਹੈ। ਉਸ ਦੀ ਜੋਤ ਪ੍ਰਭ ਜੋਤ ਨਾਲ ਪੂਰਨ ਤੌਰ ਤੇ ਇਕ ਸੁਰ ਹੋਈ ਰਹਿੰਦੀ ਹੈ ਉਸ ਦੀ ਅਵਸਥਾ ਪੂਰਨ ਬ੍ਰਹਮ ਗਿਆਨੀਆਂ ਵਾਲੀ ਹੋ ਜਾਂਦੀ ਹੈ।

ਅਜਿਹੀ ਵਿਅਕਤੀ ਦਾ ਕਿਸੇ ਨਾਲ ਵੈਰ ਵਿਰੋਧ ਨਹੀਂ ਹੁੰਦਾ, ਸਗੋਂ ਉਸ ਦੇ ਦਿਲ ਦੀ ਧਾਪ, ਪ੍ਰਾਣੀ ਮਾਤਰ ਦੀ ਪੀੜਾ ਨੂੰ ਮਹਿਸੂਸਦੀ ਤੇ ਜਗਤ ਦੇ ਦੁਖ ਸੁਣ ਕੇ ਤੇਜ ਹੋ ਜਾਂਦੀ ਹੈ। ਉਸ ਵਿਚ ਸੰਸਾਰ ਵਿਚੋਂ ਦੁਖ, ਭੁਖ ਕਲੇਸ਼ ਜ਼ੁਲਮ ਸਿਤਮ ਅਥਵਾ ਨਾਬਰਾਬਰੀ ਦੂਰ ਕਰਨ ਲਈ ਤੇ ਸੱਚ



www.AKJ.Org

ਦਾ ਬਿਆਨ ਕਰਨ ਲਈ ਦੁਨਿਆਵੀ ਤਾਕਤਾਂ ਦਾ ਟਾਕਰਾ ਕਰਨ ਦੀ ਸ਼ਕਤੀ ਅਤਿ ਉਚਤਾ ਤਕ ਪਹੁੰਚ ਜਾਂਦੀ ਹੈ ਅਤੇ ਉਸ ਦੀ ਕੁਰਬਾਨੀ ਐਨੀ ਆਦਰਸ਼ਕ ਤੇ ਆਕਰਖਣ ਹੁੰਦੀ ਹੈ ਨੂੰ ਕਿ ਦੁਨੀਆਂ ਦੇ ਲੋਕਾਂ ਦੇ ਦਿਲ ਉਸ ਨੂੰ ਦੇਖ ਕੇ ਦ੍ਰਵ ਜਾਂਦੇ ਹਨ ਤੇ ਸੰਸਾਰ ਦੀਆਂ ਕੁਲ ਨੇਕ ਰੂਹਾਂ ਉਸ ਦੇ ਸੱਚੇ ਕਰਤਵਾਂ ਦੀ ਦਾਦ ਦਿੰਦੀਆਂ ਹਨ ।

ਸੱਚ, ਇਨਸਾਫ, ਨੇਕੀ ਤੇ ਪਵਿਤਰਤਾ ਨੂੰ ਕਰਨ ਵਾਸਤੇ ਗੁਰਮਤ ਦੇ ਪਰਕਾਸ਼ਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਹੁੰ ਕੂੰਟਾ ਦਾ ਚਕਰ ਲਾ ਕੇ ਤੇ ਬਾਬਰ ਜਹੇ ਜਾਬਰ ਦੀ ਚੱਕੀ ਪੀਹ ਕੇ ਕੁਰਬਾਨੀਆਂ ਦੀ ਨੀਂਹ ਸੰਸਾਰ ਵਿਚ ਰੱਖੀ । ਸ੍ਰੀ ਗੁਰੂ ਅੰਗਦ ਦੇਵ ਜੀ ਨੇ ਹਮਾਯੂੰ ਦੀ ਉਭਰਦੀ ਤਲਵਾਰ ਨੂੰ ਮੁੜ ਮਿਆਨ ਵਿਚ ਪੁਆ ਦਿਤਾ ਪਰ ਸੱਚ ਧਰਮ ਦੀ ਰਾਖੀ ਬਦਲੇ ਜੋ ਪਹਿਲੀ ਮਹਾਨ ਸ਼ਹਾਦਤ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰੱਖੀ, ਉਸ ਦੀ ਮਿਸਾਲ ਮਿਲਣੀ ਔਖੀ ਹੈ । ਏਸੇ ਅਦੁਤੀ ਕੌਤਕ ਕਰ ਕੇ ਆਪ ਨੂੰ 'ਸ਼ਹੀਦਾਂ ਦਾ ਸਿਰਤਾਜ' ਦੇ ਨਾਂ ਨਾਲ ਪੁਕਾਰਿਆ ਜਾਂਦਾ ਹੈ ।

ਉਹ ਕਿਹੜਾ ਪੱਥਰ ਹਿਰਦਾ ਹੈ ਜੋ ਜੇਠ ਮਹੀਨੇ ਦੀ ਭੜਕਦੀ ਗਰਮੀ ਦੀ ਰੁਤੇ ਲਾਹੌਰ ਵਿਚ ਤੱਤੀ ਲੋਹ ਅਡੋਲ ਸਮਾਧੀ ਲਾਈ ਬੈਠੇ ਤੇ ਉਬਲਦੀ ਦੇਗ ਵਿਚ ਮੁਸਕਰਾਂਦੇ ਕੋਮਲ-ਬਦਨ ਗੁਰੂ ਅਰਜਨ ਦੇਵ ਜੀ ਦਾ ਧਿਆਨ ਧਰ ਕੇ ਕੁਰਲਾ ਨਹੀਂ ਉਠਦਾ । ਉਸ ਸਮੇਂ ਅਜਿਹੇ ਮਹਾਨ ਕੋਮਲ ਕਲਾਕਾਰ, ਸੋਹਲ ਚਿਤ, ਮਿਠ ਬੋਲੜੇ ਸਜਨ ਦੇ ਸਿਰ ਉਪਰ ਤੱਤੀ ਰੇਤ ਦੇ ਕੜਛੇ ਪੈਂਦੇ ਵੇਖ ਕੇ, ਸਾਰੀ ਲੋਕਾਈ ਤਰਾਹ ਤਰਾਹ ਕਰ ਰਹੀ ਸੀ । ਇਕ ਜੇ ਨਹੀਂ ਸੀ ਪਸੀਜਿਆ ਤਾਂ ਉਹ ਸੀ ਜਹਾਂਗੀਰ ਦਾ ਤੇ ਉਸ ਦੇ ਦੀਵਾਨ ਚੰਦੂ ਦਾ ਦਿਲ ਜੋ ਸੱਚ ਦੀ ਜਗਮਗ ਜਗਮਗ ਕਰਦੀ ਜੋਤ ਨੂੰ ਇਕ ਦਮ ਬੁਝਾ ਦੇਣਾ ਲੋਚਦੇ ਸਨ ਪਰ ਗੁਰੂ ਅਰਜਨ ਦੇਵ ਜੀ ਸਨ, ਇਸ ਕਠਨ ਪਰਖ ਉਪਰ ਵੀ

ਰਬ ਕੀ ਰਜ਼ਾਇ ਮੰਨੈ ਸਿਰਿ ਉਪਰਿ

ਦੀ ਅਮਲੀ ਗਵਾਹੀ ਅਥਵਾ ਸ਼ਹਾਦਤ ਪੇਸ਼ ਕਰ ਰਹੇ ਸਨ । ਇਹ ਘਟਨਾ ਸੀ, ਸੰਸਾਰ ਵਿਚ ਅਜੀਬ ਤੇ ਅਪਣੀ ਕਿਸਮ ਦਾ ਸਤਿਆਗ੍ਰਹਿ ਪਰਗਟ ਕਰਨ ਵਾਲੀ । ਇਸ ਜਗਤ ਕੰਬਾਊ ਕਾਰਨਾਮੇ ਤੇ ਅਲੌਕਿਕ ਬਲੀਦਾਨ ਨੇ ਸਿਖ ਕੌਮ ਦੇ ਖੂਨ ਵਿਚ ਸ਼ਹੀਦੀ ਜਾਗ ਲਾ ਦਿਤੀ ਤੇ ਉਸ ਸਮੇਂ ਤੋਂ ਜਗਤ-ਪੀੜਾ ਹਰਨ ਲਈ ਸ਼ਹੀਦੀਆਂ ਦੀ ਲੰਮੀ ਝੜੀ ਸ਼ੁਰੂ ਹੋ ਗਈ ।

ਜਹਾਂਗੀਰ ਨੇ ਆਪਣੀ ਵਲੋਂ ਸ੍ਰੀ ਗੁਰੂ ਗਰਜਨ ਦੇਵ ਜੀ ਦੇ ਸਰੀਰ ਦਾ ਅੰਤ ਕਰਕੇ ਸਿਖ ਧਰਮ ਨੂੰ ਖਤਮ ਕਰਨ ਦਾ ਸੁਪਨਾ ਲੈ ਰਖਿਆ ਸੀ ਪਰ ਉਸ ਨੂੰ ਇਹ ਪਤਾ ਨਹੀਂ ਸੀ ਕਿ ਅਜਿਹੀ ਮੌਤ ਵਿਚੋਂ ਕੌਮਾਂ ਦਾ ਅਮਰ ਜੀਵਨ ਫੁਟਦਾ ਤੇ ਵਿਗਸਦਾ ਹੈ । ਅਜਿਹਾ ਦੇਹਾਂਤ ਹੀ ਪ੍ਰਮਾ-ਤਕ ਮੇਲ ਦੇ ਪਰਮ ਅਨੰਦ ਦੀ ਪਰਾਪਤੀ ਦਾ ਕਾਰਨ ਬਣਦਾ ਹੈ । ਕਬੀਰ ਐਵੇਂ ਤਾਂ ਨਹੀਂ ਸੀ ਕੂਕ ਉਠਿਆ :—

ਕਬੀਰ ਜਿਸ ਮਰਨੇ ਤੇ ਜਗ ਡਰੈ
ਮੇਰੇ ਮਨਿ ਆਨੰਦੁ ।
ਮਰਨੈ ਹੀ ਤੇ ਪਾਈਐਹਿ
ਪੂਰਨ ਪਰਮਾਨੰਦੁ ।



www.AKJ.Org

ਅਤੇ ਇਸ ਕੁਰਬਾਨੀ ਦਾ ਇਕ ਦ੍ਰਿਸ਼ ਗੁਰਬਾਣੀ ਵਿਚ ਇਉਂ ਚਿਤਰਿਆ ਮਿਲਦਾ ਹੈ :—

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ।
ਪੁਰਜਾ ਪੁਰਜਾ ਕਟ ਮਰੈ ਕਬਹੂ ਨਾ ਛਾਡਹਿ ਖੇਤ ।

ਇਸੇ ਉਚਤਮ ਸਿਧਾਂਤ ਦੀ ਪੁਸ਼ਟੀ ਲਈ ਪਰਮ ਸਿਦਕੀ ਸਿਖ, ਭਾਈ ਨੰਦ ਲਾਲ ਜੀ 'ਗੋਯਾ' ਇਉਂ ਫੁਰਮਾਉਂਦੇ ਹਨ :—

ਅਨਲਹਕ ਅਜ਼ ਲਬੇ ਮਨਸੂਰ,
ਗ ਚੂੰ ਸ਼ੀਸ਼ਾ ਕੁਲ ਕੁਲ ਕਰਦ ।
ਕਿ ਆਰਦ ਤਾਬ ਈਂ ਸਬਹਾ,
ਕੁਜਾ ਜਾਮੇਂ ਦਿਮਾਗ ਈਂ ਜਾ ।

ਅਰਥਾਤ ਮਨਸੂਰ ਨੇ ਇਸ ਸ਼ਹੀਦੀ ਉਮੰਗ ਦੀ ਮਸਤੀ ਵਿਚ ਆਕੇ ਆਪਣੇ ਆਪ ਨੂੰ ਰੱਬੀ ਨੂਰ ਨਾਲ ਭਰਪੂਰ ਦਸਿਆ । ਇਸ ਉਚੀ ਅਵਸਥਾ ਤਕ ਕੋਈ ਵਿਰਲਾ ਹੀ ਪਹੁੰਚਦਾ ਹੈ ।

'ਸ਼ਹੀਦ' ਦੇ ਖੂਨ ਦਾ ਇਕ ਤੇਪਾ, ਸਮੁਚੀ ਕੌਮ ਦੀਆਂ ਨਸਾਂ ਵਿਚ ਨਿਰਾਲੀ ਥਰਾਹਟ ਪੈਦਾ ਕਰ ਦਿੰਦਾ ਹੈ । 'ਸ਼ਹੀਦ' ਦਾ ਨਾਂ, ਇਤਹਾਸ ਦੇ ਪਤਰਿਆਂ ਵਿਚ ਅਸਚਰਜ ਲਾਲੀ ਨਾਲ ਚਮਕਦਾ ਤੇ ਆਪਣੇ ਪਿਛੇ ਆਉਣ ਵਾਲਿਆਂ ਵਾਸਤੇ ਅਨੂਠੀ ਪਰੇਰਨਾ ਦੇ ਪੂਰਨੇ ਪਾ ਜਾਂਦਾ ਹੈ । ਉਸ ਦੇ ਕਾਰਨਾਮੇ, ਮੋਈ ਕੌਮ ਵਿਚ ਅੰਮ੍ਰਿਤ ਦਾ ਸੰਚਾਰ ਕਰ ਕੇ ਉਸ ਨੂੰ ਸਦੀਵਕਾਲ ਲਈ ਸੁਰਜੀਤ ਕਰ ਦਿੰਦੇ ਹਨ । ਸ਼ਹੀਦ ਦੀ ਮੜ੍ਹੀ ਦੀ ਯਾਤਰਾ, ਦੁਨੀਆਂ ਦੀ ਨੇਕ ਰੂਹਾਂ ਵਾਸਤੇ ਇਕ ਪਵਿਤਰ ਪੂਜ-ਅਸਥਾਨ ਦੀ ਯਾਤਰਾ ਬਣ ਜਾਂਦੀ ਹੈ ।

ਪਰਮ ਸ਼ਹੀਦ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਦਿਲ ਕੰਬਾਊ ਸ਼ਹੀਦੀ, ਬ੍ਰਹਿਮੰਡੀ ਏਕਤਾ ਨੂੰ ਕਾਇਮ ਕਰਨ ਲਈ ਹੋਈ ਸੀ, ਇਸ ਲਈ ਉਨ੍ਹਾਂ ਦਾ ਦਰਜਾ ਸਾਰੇ ਸ਼ਹੀਦਾਂ ਨਾਲੋਂ ਉਚਾ ਹੈ । ਉਨ੍ਹਾਂ ਦੀ ਆਤਮ ਕੁਰਬਾਨੀ ਤੋਂ ਜਗਦੇ, ਦ੍ਰਿੜਤਾ ਸ਼ਾਂਤੀ, ਨਿਰਭੈਤਾ ਤੇ ਰਜ਼ਾ ਵਿਚ ਰਾਜ਼ੀ ਰਹਿਣ ਦੀ ਉਚੀ ਸੁਚੀ ਸਿਖਿਆ ਮਿਲਦੀ ਹੈ । ਇਸੇ ਬਲੀਦਾਨ ਦਾ ਸਦਕਾ ਹੀ ਸੀ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ, ਸ੍ਰੀ ਗੁਰੂ ਦਸਮ ਪਰਵਾਰ ਤੇ ਅਨੇਕਾਂ ਸਿੰਘ, ਸਿੰਘਣੀਆਂ ਤੇ ਭੁਜੰਗੀ ਸਚ ਧਰਮ ਦੀ ਰਖਿਆ ਖਾਤਰ ਪਤੰਗਿਆਂ ਵਾਂਗ ਅ ਪਣਾ ਆਪ ਕੁਰਬਾਨ ਕਰਦੇ ਹਨ ।

ਅਜ ਵੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦ ਅਸਥਾਨ, ਗੁਰਦੁਆਰਾ ਡੇਹਰਾ ਸਾਹਿਬ, ਵਾਘਿਓ ਪਾਰ, ਰਹਿਕੇ ਸਿਖ ਬਚੇ ਬਚੀ ਨੂੰ ਸਚ ਉਤੇ ਦ੍ਰਿੜ ਰਹਿਣ ਧਰਮ ਦੀ ਰਖਿਆਂ ਖਾਤਰ ਤੇ ਜ਼ੁਲਮ ਜਬਰ ਦਾ ਨਾਸ ਕਰਨ ਲਈ ਵੰਗਾਰ ਰਹਿਆ ਹੈ । ਡੇਹਰੇ ਸਾਹਿਬ ਦੇ ਸੁਨਹਿਰੀ ਕਲਸ ਵਿਚ ਲਟਕਦੀ ਇਕ ਇਕਗੋਲ ਝਾਂਜਰ ਦੀ ਟੁਣਕਾਰਸ਼ਹੀਦ ਮਾਹੀ ਦੀ ਅਨੂਠੀਸਦ ਸਾਡੇ ਕੰਨਾਂਨੂੰ ਟੁੰਬ ਰਹੀ

—ਬਾਕੀ ਦੇਖੋ ਸਫ਼ਾ 35—



www.AKJ.Org

# ਸਿੱਖੀ ਸਿਖਿਆ ਗੁਰ ਵੀਚਾਰ

"ਵਲੋਂ ਭਾ: ਹਰਭਜਨ ਸਿੰਘ ਮਿਠਾ ਟਿਵਾਨਵੀ ਹਾਲ ਕੁਰਾਲੀ"

ਸਿਖੀ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤਕਰੀਬਨ ਅਜ ਤੋਂ ਪੰਜ ਸੌ ਵਰ੍ਹੇ ਪਹਿਲਾਂ ਪ੍ਰਚਲਤ ਹੋਈ। ਸਿਖ ਧਰਮ, ਸਿਖ ਪੰਥ ਦੇ ਮੋਢੀ ਗੁਰੂ ਨਾਨਕ ਪਾਤਸ਼ਾਹ ਸਨ। ਗੁਰੂ ਅੰਗਦ, ਗੁਰੂ ਅਮਰ-ਦਾਸ ਗੁਰੂ ਰਾਮਦਾਸ ਜੀ ਨੇ ਗੁਰੂ ਨਾਨਕ-ਧਰਮ ਦੇ ਪ੍ਰਕਾਸ਼ ਦਾ ਹੀ ਪ੍ਰਚਾਰ ਤੇ ਪਾਸਾਰ ਕੀਤਾ। ਉਸ ਸਮੇਂ ਦੇ ਵਿਚ ਰਾਇਬੁਲਾਰ, ਭਾਈ ਲਾਲੋ ਵਰਗੇ ਕਿਰਤੀ ਸਿਖੀ ਦੇ ਬੜੇ ਸ਼ਰਧਾਲੂ ਸਨ। ਕੌਡੇ ਰਾਖਸ਼, ਸਜਣ ਠਗ, ਸਿਧ. ਵਲੀ ਕੰਧਾਰੀ ਸਿਖੀ ਦੇ ਪਰਚਾਰ ਵਿਚ ਪੱਥਰ ਦਿਲ ਤੋਂ ਮੋਮ ਦਿਲ ਹੋ ਗਏ ਸਨ।

ਪਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਿਸ ਧਰਮ ਮੰਦਰ ਤੇ ਗਰੰਥ ਦੀ ਰਚਨਾ ਰਚੀ, ਗੁਰੂ ਸ਼ਖਸੀਅਤਾਂ, ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ, ਗੁਰੂ ਹਰ ਰਾਇ ਜੀ, ਗੁਰੂ ਹਰਕਿਸ਼ਨ ਜੀ ਅਤੇ ਨੌਵੇਂ ਪਾਤਸ਼ਾਹ ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਸਾਹਿਬ ਜੀ, ਦਸਮੇਸ਼ ਪਿਤਾ ਅੰਮ੍ਰਿਤ ਦੇ ਦਾਤ ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਅਰਜਨ ਦੇਵ ਜੀ ਦੇ ਧਰਮ ਮੰਦਰ ਤੇ ਧਰਮ ਗਰੰਥ ਦੀ ਸੁਰਖਿਆ ਤੇ ਸੁਤੰਤਰਤਾ ਨੂੰ ਆਤਮਕ ਉਚਾਈ ਨਾਲ ਵਡਤਣ ਦਿਤੀ।

ਵੀਹਵੀਂ ਸ਼ਦੀ ਦੇ ਮਧ ਵਿਚ ਗੁਰਦਵਾਰਾ ਪਰਬਧਕ ਕਮੇਟੀ ਅੰਮ੍ਰਿਤਸਰ ਵਲੋਂ ਪੂਰਬੀ ਪੰਜਾਬ ਅਤੇ ਪੱਛਮੀ ਪੰਜਾਬ ਵਿਚ ਬਹੁਤ ਸੁਹਣੇ ਅਤੇ ਸੁਚਜੇ ਢੰਗ ਨਾਲ ਪ੍ਰਚਾਰ ਰਿਹਾ। ਗੁਰੂ ਕਿਰਪਾ ਦੁਆਰਾ ਸਮੇਂ ਸਮੇਂ ਮਨੁਖੀ ਜਾਮੇ ਵਿਚ ਗੁਰਸਿਖ ਰੂਹਾਂ ਪਰਗਟ ਹੋਈਆਂ। ਜਿਹਨਾਂ ਵਿਚੋਂ ਪੂਰਬੀ ਪੰਜਾਬ ਵਿਚ ਸੰਤ ਭਾਈ ਅਤਰ ਸਿੰਘ ਜੀ ਮਸਤੂ-ਆਣਾ ਵਾਲੇ ਅਤੇ ਭਾ: ਸਾ: ਭਾ: ਰਣਧੀਰ ਸਿੰਘ ਜੀ ਨਾਰੰਗਵਾਲ ਜ਼ਿਲਾ ਲੁਧਿਆਣਾ ਜਿਹਨਾਂ ਨੂੰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਸੋਨੇ ਦੀ ਚਿੜੀ ਨਾਲ ਸਨਮਾਨਿਆ ਹੈ, ਸੰਤ ਗੁਰਬਚਨ ਸਿੰਘ ਜੀ ਭਿੰਡਰਾਂ ਵਾਲੇ ਅਲੌਕਿਕ ਜੀਵਨ ਵਾਲੇ ਸਨ।

ਪਛਮੀ ਪੰਜਾਬ ਵਿਚ ਜ਼ਿਲਾ ਸਰਗੋਧਾ ਤੋਂ ਲਹਿੰਦੇ ਪਾਸੇ ਪਿੰਡ ਮਿਠਾ ਟਿਵਾਣਾ ਵਿਚ ਭਾਈ ਘਨਈਆ ਜੀ ਦੀ ਸੰਪਰਦਾ ਵਿਚੋਂ ਅਡਣ ਸ਼ਾਹੀ ਸੇਵਾ ਪੰਥੀ ਮਹੰਤ ਭਾਈ ਜਵਾਹਰ ਸਿੰਘ ਜੀ ਵੀਹਵੀਂ ਸਦੀ ਦੇ ਮਧ ਵਿਚ ਮਹਾਂਪੁਰਖ ਸੰਤ ਹੋਏ ਹਨ। ਪਿੰਡ ਨੂਰਪੁਰ ਥਲ ਵਿਚ ਭਾ: ਜਗਤਾ ਜੀ, ਭਾ: ਗੁਲਾਬ ਸਿੰਘ ਜੀ। ਦਰਿਆ ਜੇਹਲਮ ਦੇ ਕੰਢੇ ਦੀ ਵਸੋਂ ਪਿੰਡ ਗਿਰੋਟ ਉਦਾਸੀਨ ਬਾਵਾ ਬਾਲਕ ਦਾਸ ਜੀ ਪਿੰਡ ਜਬੀ ਪਹਾੜ ਦੀ ਘਾੜ ਵਿਚ ਉਦਾਸੀਨ ਬਾਵਾ ਗੁਲਾਬ ਜੀ ਹੋਏ ਹਨ। ਇਹਨਾਂ ਸਾਰਿਆਂ ਮਹਾਂਪੁਰਖਾਂ ਨੇ ਗੁਰੂ ਨਾਨਕ ਨਾਮ ਸੇਵਾ ਦੀ ਸਿਖੀ ਦੇ ਪਰਚਾਰ ਵਿਚ ਵਧ ਰਿਹਾ ਹਿੱਸਾ ਪਾਇਆ। ਗੁਰਬਾਣੀ ਦੁਆਰਾ ਆਸ ਪਾਸ ਦੀਆਂ ਝੋਕਾਂ ਵਿਚ ਸਿੱਖੀ ਨੂੰ ਪਰਪਕ ਕੀਤਾ। ਸਿੱਖੀ ਦੇ ਪਰਚਾਰ ਲਈ ਹਰ ਸਾਲ ਮਿਠਾ ਟਿਵਾਣਾ ਜ਼ਿਲਾ ਸਰਗੋਧਾ ਦੇ ਆਲੇ ਦੁਆਲੇ ਦੀਆਂ ਸਿਖ ਸੰਗਤਾਂ ਅਤੇ ਸਹਿਜਧਾਰੀ ਸਿਖਾਂ ਨੂੰ ਇਕਤ੍ਰਤਾ ਕਰਕੇ ਮਹਾਂਪੁਰਖ ਸੰਤ ਭਾ: ਭਗਤ ਸਿੰਘ ਹੋਰਾਂ ਦੀ ਯਾਦ ਵਿਚ ਯਗ ਸਮਾਗਮ ਸਾਵਣ ਮਹੀਨੇ ਦੀ ਸੰਗਰਾਂਦ ਨੂੰ ਕਰਦੇ ਸਨ। ਸ੍ਰੀ ਅਖੰਡ ਪਾਠ, ਕਥਾ



www.AKJ.Org

ਕੀਰਤਨ, ਪਖਾ ਝਲਣਾ, ਝਾੜੂ ਦੇਣਾ ਲੰਗਰ ਦੀ ਸੇਵਾ, ਭਾਡੇ ਮਾਂਝਣੇ, ਦੀਵਾਨ ਪੰਡਾਲ ਸਜਾਉਣੇ ਠੰਡੇ ਜਲ ਦੀ ਛਬੀਲ, ਆਦਿ ਜੋੜਿਆਂ ਦੀ ਸੇਵਾ ਸਿਖ ਸੰਗਤਾਂ ਕਰਦੀਆਂ ਸਨ ।

(1) ਗੁਰਮੁਖਿ ਹਥਿ ਸਕਥ ਹਨਿ।
ਸਾਧ ਸੰਗਤਿ ਗੁਰ ਕਾਰ ਕਮਾਵੈ ।
ਪਾਣੀ ਪਖਾ ਪੀਹਣਾ ਪੈਰ ਧੋਇ ਚਰਣਾਮਤੁ ਪਾਵੈ ।

(2) ਗੁਰਮੁਖਿ ਪੈਰ ਸਕਾਰਥੇ, ਗੁਰਮੁਖਿ ਮਾਰਗਿ ਚਾਲ ਚਲੰਦੇ।
ਗੁਰੂ ਦੁਆਰੇ ਜਾਨਿ ਚਲਿ, ਸਾਧ ਸੰਗਤਿ ਚਲਿ ਜਾਇ ਬਹੰਦੇ ।

ਮਹੰਤ ਭਾ: ਜਵਾਹਰ ਸਿੰਘ ਜੀ ਹੋਰਾਂ ਦੇ ਨਾਲ ਸਿਖੀ ਦੇ ਪਰਚਾਰ ਲਈ ਸੰਤ ਮੰਡਲੀ ਸੰਤ ਨਿਸਚਲ ਸਿੰਘ (ਮਾਡਲ ਟਾਊਨ ਜਗਾਧਰੀ) ਭਾ: ਮੋਹਕਮ ਸਿੰਘ ਜੀ, ਭਾ: ਜਮੀਤ ਸਿੰਘ ਜੀ ਸੰਤ ਭਾ: ਵਜੀਰ ਸਿੰਘ ਜੀ ਸਨ। ਆਲੇ ਦੁਆਲੇ ਦੇ ਇਲਾਕੇ ਵਿਚ ਸਿਖੀ ਇਤਨੀ ਪਰਪਕ ਸੀ, ਰੋਮਾਂ ਦੀ ਕੋਈ ਬੇਅਦਬੀ ਨਹੀਂ ਸੀ ਕਰਦਾ ਅਤੇ ਨਾ ਹੀ ਸ਼ਰਾਬ ਮਦ ਪੀਂਦੇ ਸਨ। ਸਾਬਤ ਸੂਰਾ ਦਸਤਾਰ ਸਿਰਾ, ਕੇਸਾਂ ਨੂੰ ਸਰੀਰ ਦਾ ਉਤਨਾ ਹੀ ਜ਼ਰੂਰੀ ਅੰਗ ਸਮਝ ਕੇ ਸੰਭਾਲ ਕਰਦੇ ਸਨ ਜਿਵੇਂ ਕੇ ਸਰੀਰ ਦੇ ਹੋਰ ਅੰਗਾ ਦੀ ਸੰਭਾਲ ਹੁੰਦੀ ਹੈ। ਦਾਸ ਦੀ ਬਾਲਕ ਅਵਸਥਾ ਸੀ।ਇਕ ਸਿਖ ਨੇ ਸਰੀਰ ਦੇ ਕੇਸਾਂ ਦਾਹੜੀ ਦੀ ਬੇਅਦਬੀ ਕੀਤੀ। ਸਿਗਰਟ ਵੀ ਪੀਤੀ। ਜਦੋਂ ਮਹੰਤ ਭਾਈ ਜਵਾਹਰ ਸਿੰਘ ਜੀ ਹੋਰਾਂ ਨੂੰ ਇਸ ਗਲ ਬਾਰੇ ਪਤਾ ਲਗਿਆ ਤਾਂ ਸਿਖ ਸੰਗਤਾਂ ਨੂੰ ਭੇਜ ਕੇ ਮੁਸ਼ਕਾ ਨਾਲ ਬੰਨ੍ਹ ਕੇ ਉਸ ਸਿਖ ਨੂੰ ਲਿਆਏ। ਮਹੰਤ ਸਾਹਿਬ ਭਾਈ ਜਵਾਹਰ ਸਿੰਘ ਜੀ ਹਰਾਂ ਨੇ ਖੂੰਡੇ ਨਾਲ ਉਹ ਮਾਰ ਪਾਈ, ਉਸ ਸਿਖ ਨੇ ਅੱਗੇ ਲਈ ਕੁਰਹਿਤ ਤੋਂ ਬਚਣ ਲਈ ਬਚਨ ਦਿਤਾ । 1947 ਦੇਸ਼ ਬਟਵਾਰੇ ਮਗਰੋਂ ਮਹੰਤ ਭਾ: ਜਵਾਹਰ ਸਿੰਘ ਜੀ ਨੇ ਦੁਆਬੇ ਦੇ ਇਲਾਕੇ ਵਿਚ ਹੁਸ਼ਿਆਰ ਪੁਰ ਬਹੁਤ ਸੁੰਦਰ ਇਮਾਰਤ ਗੁਰਦਵਾਰੇ ਦੀ ਤਿਆਰ ਕਰਵਾਈ।

ਗੁਰਮੁਖ ਜਨਮ ਸਕਾਰਥਾ
ਗੁਰ ਸਿਖ ਮਿਲ ਗੁਰ ਸਰਣੀ ਆਇਆ।
ਆਦਿ ਪੁਰਖ ਆਦੇਸ ਕਰਿ
ਸਫਲ ਮੂਰਤਿ ਗੁਰ ਦਰਸਨ ਪਾਇਆ।

ਸਿਖੀ ਤਦੇ ਪਰਪਕ ਹੈ। ਜਦੋਂ ਸਿਖ ਗੁਰ ਵੀਚਾਰ ਨੂੰ ਗਰੈਹਣ ਕਰ ਲਵੇ ਖੰਡੇ ਦਾ ਅੰਮ੍ਰਿਤ ਛਕ ਕੇ ਦਸਾਂ ਗੁਰੂ ਸਾਹਿਬਾਨ ਦੇ ਦਰਸਾਏ ਹੋਏ ਰਸਤੇ ਤੇ ਚਲੇ। ਗੁਰੂ ਦੇ ਲੜ ਲਗੇ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਨੂੰ ਸਤਿ ਕਰ ਮੰਨੇਂ । ਤਦ ਗੁਰੂ ਕਾ ਸਿਖ, ਗੁਰਸਿਖ ਕਹਿਲਾਉਂਦਾ ਹੈ। ਜੋ ਇਸਤਰੀ ,ਪੁਰਸ਼ ਇਕ ਅਕਾਲ ਪੁਰਖ ਦੀ ਓਟ ਰਖਦਾ ਹੈ ਦਸ ਪਾਤਸ਼ਾਹੀਆਂ, ਸ੍ਰੀ ਗੁਰੂ ਗਰੰਥ ਸਾਹਿਬ ਦੀ ਬਾਣੀ ਤੋਂ ਸਿਖਿਆ ਦਸਮ ਪਾਤਸ਼ਾਹ ਦੇ ਅੰਮ੍ਰਿਤ ਉਤੇ ਨਿਸਚਾ ਰਖਦਾ ਹੈ। ਕਿਸੇ ਹੋਰ ਧਰਮ ਨੂੰ ਜਿਵੇਂ ਕਿ ਨਿਰੰਕਾਰੀ ਪੰਥ ਰਾਧਾ ਸੁਆਮੀ ਪੰਥ ਜਾਂ ਹੋਰ ਕਿਸੇ ਧਰਮ ਨੂੰ ਨਾ ਮੰਨੇ ਉਹ ਸਿਖ ਹੈ ।

(1) ਸੋ ਸਿਖ ਬੰਧਪ ਹੈ ਭਾਈ
ਜੋ ਗੁਰ ਕੇ ਭਾਣੇ ਵਿਚ ਆਵੈ
ਆਪਣੇ ਭਾਣੇ ਜੋ ਚਲੈ ਭਾਈ,
ਵਿਛੜ ਚੋਟਾਂ ਖਾਵੈ ।



www.AKJ.Org

(2) ਸਤਿਗੁਰੂ ਬੋਹਿਥ ਹਰ ਨਾਵ ਹੈ
ਕਿਤ ਬਿਧਿ ਚੜਿਆ ਜਾਇ
ਸਤਿਗੁਰੂ ਕੈ ਭਾਣੈ ਜੋ ਚਲੈ
ਵਿਚ ਬੋਹਿਥ ਬੈਠਾ ਆਇ।

ਗੁਰੂ ਦਾ ਸਿਖ ਅਖਵਾਉਣ ਲਈ ਮਨੁਖ ਨੂੰ ਗੁਰੂ ਦੇ ਘਰ ਤੋਂ ਪਾਹੁਲ ਲੈਣੀ ਪੈਂਦੀ ਹੈ। ਅੰਮ੍ਰਿਤ ਦੀ ਦਾਤ ਜ਼ਰੂਰੀ ਹੈ। ਜਿਵੇਂ ਨਵ ਵਿਆਹੀ ਸੁੰਦਰੀ ਬਾਹਾਂ ਵਿਚ ਰੱਤਾ ਚੂੜਾ ਪਾਕੇ, ਗਲ ਤੇ ਕੰਨਾਂ ਵਿਚ ਸੋਹਣੇ ਸੋਹਣੇ ਗਹਿਣੇ ਪਾਕੇ ਅਤੇ ਹੋਰ ਹਾਰ ਸ਼ਿੰਗਾਰ ਕਰਕੇ ਆਪਣੇ ਪਤੀ ਨੂੰ ਰੀਝਾਉਂਦੀ ਹੈ ਇਹ ਸੁਹਾਗ ਚਿੰਨਾਂ ਰਾਹੀ ਸਾਰੀ ਉਮਰ ਸੁਹਾਗਣ ਬਣੀ ਰਹਿਣਾ ਲੋਚਦੀ ਹੈ। ਤਿਵੇਂ ਹੀ ਗੁਰਸਿਖ ਜੀਵ ਰੂਪੀ ਇਸਤਰੀ ਸਤਿਗੁਰੂ ਤੋਂ ਅੰਮ੍ਰਿਤ ਨਾਮ ਲੈ ਕੇ ਸੁਆਸ ਸੁਆਸ ਪ੍ਰਭੂ ਪਤੀ ਨੂੰ ਯਾਦ ਕਰਦੀ ਹੈ। ਅੰਦਰਲੀਆਂ ਰਹਿਤਾਂ ਦੇ ਨਾਲ ਨਾਲ ਬਾਹਰਲੀਆਂ ਰਹਿਤਾਂ ਕੇਸਕੀ, ਕੰਘਾ, ਕਿਰਪਾਨ, ਕੜਾ, ਕਛਿਹਰਾ ਨੂੰ ਸ਼ਰੀਰ ਦਾ ਸ਼ਿੰਗਾਰ ਬਣਾ ਰਖਦੀ ਹੈ। ਸੰਸਾਰਕ ਸੁਹਾਗਣ ਦੇ ਹਾਰ ਸ਼ਿੰਗਾਰ ਚਿੰਨ ਥੋੜੇ ਚਿਰ ਹੁੰਦੇ ਹਨ। ਗੁਰਮੁਖ ਸੁਹਾਗਣ ਦੀਆਂ ਰਹਿਤਾਂ ਤੇ ਸ਼ਿੰਗਾਰ ਸਦੀਵੀ ਤੇ ਸੁਖਦਾਈ ਹੁੰਦੇ ਹਨ।

ਗੁਰਸਿਖ ਪੰਜ ਕਕਾਰ ਦੀ ਰਹਿਤ ਵਿਚ ਸਾਬਤ ਸੂਰਾ ਦਸਤਾਰ ਸਿਰ ਦੇ ਹੋਣ ਕਾਰਣ ਗੁਰੂ ਦਾ ਸਿਖ ਬਹੁ ਗਿਣਤੀ ਵਿਚ ਖਲੋਤਾ ਹੋਇਆ ਦੂਰੋਂ ਹੀ ਨਜ਼ਰ ਆ ਜਾਂਦਾ ਹੈ। ਗੁਰੂ ਦਾ ਸਿਖ ਆਪਣੀ ਪੂਰਣ ਰਹਿਤ ਵਿਚ ਰਹਿਣ ਵਾਲਾ ਆਪਣੀ ਸ਼ਕਲ ਨੂੰ ਨਹੀਂ ਵਿਗਾੜਦਾ ਅਤੇ ਨਾਂ ਹੀ ਸਿਨੇਮਾ ਥੇਟਰ ਵਿਚ ਜਾਣ ਦਾ ਖਿਆਲ ਕਰਦਾ ਹੈ। ਗੁਰਸਿਖ ਹਮੇਸ਼ਾ ਅੰਮ੍ਰਿਤ ਵੇਲੇ ਜਾਗਣ ਜਾਗਦਾ ਹੈ। ਗੁਰੂ ਕਾ ਸਿਖ ਨਿਤ ਨੇਮ ਅਨੁਸਾਰ ਅੰਮ੍ਰਿਤ ਵੇਲੇ ਜਪ, ਜਾਪ, ਸੁਧਾ ਸੱਵਯੇ- ਚੌਪਈ, ਅਨੰਦ ਸਾਹਿਬ ਸੰਧਿਆ ਆਥਣ ਵੇਲੇ ਸੋਦਰ, ਰਾਤ ਸੌਣ ਵੇਲੇ ਸੋਹਿਲੇ ਦਾ ਪਾਠ ਕਰਦਾ ਹੈ।

(1) ਗੁਰਸਿਖ ਰਹਿਤ ਸੁਨੋ ਮੇਰੇ ਮੀਤ,
ਉਠ ਪਰਭਾਤੇ ਕਰ ਹਿਤ ਚੀਤ,
ਵਾਹਿਗੁਰੂ ਪੁਨ ਮੰਤਰ ਜਾਪ।
ਕਰ ਇਸ਼ਨਾਨ ਪੜੇ ਜਪ ਜਾਪ।
ਦਰਸ਼ਨ ਕਰੇ ਮੇਰਾ ਪੁਨ ਆਏ,
ਅਦਬ ਸਿਉ ਬੈਠ ਗੁਰਹਿਤ ਚਿਤ ਲਾਏ।
ਜੋ ਸਿਖ ਗੁਰਦਰਸ਼ਨ ਦੀ ਚਾਹੇ,
ਦਰਸ਼ਣ ਕਰ ਗਰੰਥ ਜੀ ਆਹਿ।
ਪ੍ਰਭਾਤ ਸਮੇਂ ਕਰਕੇ ਇਸ਼ਨਾਨ,
ਤੀਨ ਪਰਦਛਨਾ ਕਰੇ ਸੁਜਾਨ।

(2) ਕੁਰਬਾਣੀ ਤਿਨਾ ਗੁਰ ਸਿਖਾ,
ਪਿਛਲ ਰਾਤੀ ਉਠਿ ਬਹੰਦੇ।
ਕੁਰਬਾਣੀ ਤਿਨਾ ਗੁਰਸਿਖਾ,
ਅੰਮ੍ਰਿਤ ਵੇਲੇ ਸਰਿ ਨਵੰਦੇ।
ਕੁਰਬਾਣੀ ਤਿਨਾ ਗੁਰਸਿਖਾਂ,
ਹੋਇ ਇਕ ਮਨ ਗੁਰ ਜਾਪ ਜਪੰਦੇ।
ਕੁਰਬਾਣੀ ਤਿਨਾ ਗੁਰਸਿਖਾ,
ਸਾਧ ਸੰਗਤ ਚਲ ਜਾਏ ਜੁੜੰਦੇ
ਕੁਰਬਾਣੀ ਤਿੰਨਾ ਗੁਰਸਿਖਾ,
ਗੁਰਬਾਨੀ ਨਿਤਿ ਗਾਇ ਸੁਣੰਦੇ,।
ਕੁਰਬਾਣੀ ਤਿੰਨਾ ਗੁਰਸਿਖਾ,
ਮਨ ਮੇਲੀ ਕਰਿ ਮੇਲਿ ਮਿਲੰਦੇ,
ਕੁਰਬਾਣੀ ਤਿੰਨਾ ਗੁਰਸਿਖਾ,
ਭਾਇ ਭਗਤਿ ਗੁਰਪੁਰਬ ਕਰੰਦੇ,
ਗੁਰਸੇਵਾ ਫਲੁ ਸੁਫਲੁ ਫਲੰਦੇ।


www.AKJ.Org

ਸਿਖੀ ਤਿਖੀ ਹੈ । ਖੰਡੇ ਦੀ ਧਾਰ ਤੋਂ ਵੀ ਇਹ ਨਿਕੀ ਹੈ । ਵਾਲਦੀ ਮੋਟਾਈ ਤੋਂ ਵੀ । (1) ਗੁਰਸਿਖੀ ਬਾਰੀਕ ਹੈ, ਖੰਨੇ ਧਾਰ ਗਲੀ ਅਤਿ ਭੀੜੀ, (2) ਉਥੈ ਟਿਕੈ ਨ ਭੁਵਾਣਾ, ਚਲ ਨ ਸਕੈ ਉਪਰਿਕੀੜੀ । "ਸਿਖੀ ਸਿਖਿਆ ਗੁਰੂ ਵੀਚਾਰ" ਗੁਰੂ ਦੀ ਸਿਖਿਆ ਨੂੰ ਵਿਚਾਰਨਾ ਤੇ ਵਿਚਾਰ ਦੇ ਹਏ ਸਦਾ ਯਾਦ ਰਖਣਾ ਹੈ । ਸਿਖੀ ਵਿਚ ਕੋਈ ਰਿਆਇਤ ਨਹੀਂ । ਸਿਖੀ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਮਰਨਾਂ ਪੈਂਦਾ ਹੈ । ਜਿਵੇਂ ਕੇ ਸਿਖੀ ਦੇ ਪਰਪਕ ਭਾਈ ਤਾਰੂ ਸਿੰਘ ਜੀ ਨੇ ਖੋਪਰੀ ਲੁਹਾ ਲਈ ਪਰ ਕੇਸਾਂ ਦੀ ਬੇ ਅਦਬੀ ਨਹੀਂ ਹੋਣ ਦਿਤੀ । ਉਸ ਗੁਰੂ ਦੇ ਸਿਖ ਦੀ ਖੋਪਰੀ ਉਤਰ ਜਾਣ ਤੋਂ ਬਾਦ ਚਾਰ ਪਹਿਰ ਜਪਜੀ ਸਾਹਿਬ ਦਾ ਪਾਠ ਆਰੰਭ ਰਿਹਾ । ਇਤ-ਹਾਸ ਗਵਾਹ ਹੈ । ਭਾ: ਮਨੀ ਸਿੰਘ ਜੀ ਨੇ ਬੰਦ ਬੰਦ ਕਟਵਾਏ । ਭਾ: ਦਿਆਲਾ ਜੀ ਦੇਗਾਂ ਵਿਚ ਉਬਾਲ ਗਏ । ਭ: ਸ਼ਾਹਬਾਜ਼ ਸਿੰਘ ਸੁਬੇਗ ਸਿੰਘ ਜੀ ਚਰਖੜੀਆਂ ਤੇ ਚੜ੍ਹੇ । ਭ: ਮਤੀ ਦਾਸ ਜੀ ਆਰੇ ਨਾਲ ਦੁਫਾੜ ਕੀਤੇ ਗਏ ।

ਹੋਇ ਬਿਰਖ ਸੰਸਾਰ ਸਿਰ ਤਲਵਾਇਆ
ਨਿਹਚਲ ਹੋਇ ਨਿਵਾਸ ਸੀਸ ਨਿਵਾਇਆ:
ਹੋਇ ਸੁਫ਼ਲ ਫਲ ਸੁਫਲ ਵਟ ਸਹਾਇਆ ।
ਸਿਰ ਕਰਵੱਤ ਧਰਾਇ ਜਹਾਜ਼ ਬਨਾਇਆ
ਪਾਣੀ ਦੇ ਸਿਰਵਟ ਰਾਹੁ ਚਲਾਇਆ
ਸਿਰ ਕਰਵਤ ਧਰਾਇ ਸੀਸ ਚੜਾਇਆ

ਬਜ਼ੁਰਗ ਮਾਤਾਵਾਂ ਨੇ ਆਪਣੇ ਮਾਸੂਮ ਬਚਿਆਂ ਨੂੰ ਟੁਕੜੇ ਟੁਕੜੇ ਕਰਵਾਇਆ ਨੇਜ਼ਿਆਂ ਤੇ ਟੁੰਗੇ ਗਏ, ਗਲਾਂ ਵਿਚ ਹਾਰ ਪੁਆਏ ਸਿਖੀ ਕੇਸਾਂ ਸੁਆਸਾਂ ਨਾਲ ਨਿਭਾਈ ।

ਗੁਰਸਿਖੀ ਦਾ ਸਿਖਣਾ,
ਗੁਰਸਿਖ ਸਿਖਣ ਬਜਰ ਭਾਰਾ ।
ਗੁਰਸਿਖੀ ਦਾ ਲਿਖਣਾ,
ਲੇਖ ਅਲੇਖ ਨ ਲਿਖਣਹਾਰਾ ।
ਗੁਰਸਿਖੀ ਦਾ ਤੋਲਣਾ,
ਤੁਲਿ ਨ ਤੁਲਿ ਤੁਲੈ ਤੁਲ ਧਾਰਾ ।
ਗੁਰਸਿਖੀ ਦਾ ਦੇਖਣਾ,
ਗੁਰਮੁਖਿ ਸਾਧ ਸੰਗਤ ਗੁਰਦਵਾਰਾ ।
ਗੁਰਸਿਖੀ ਦਾ ਚਖਣਾ,
ਸਾਧ ਸੰਗਤਿ ਗੁਰ ਸਬਦੁ ਬੀਚਾਰਾ ।
ਗੁਰਸਿਖੀ ਦਾ ਸਮਝਣਾ,
ਜੋਤੀ ਜੋਤਿ ਜਗਾਵਣ ਹਾਰਾ ।
ਗੁਰਮੁਖਿ ਸੁਖ ਫਲ ਪਿਰਮੁ ਪਿਆਰਾ ।

ਦਸਮ ਪਾਤਸ਼ਾਹ ਦਾ ਗੁਰਸਿਖੀ ਅੰਮ੍ਰਿਤਧਾਰੀ ਸੂਰਬੀਰ ਜੋਧਾ ਬਾਬਾ ਦੀਪ ਸਿੰਘ ਆਪਣੀ ਪ੍ਰਤਿਗਿਯਾ ਨੂੰ ਨਿਭਾਉਂਦੇ ਹੋਏ ਆਪਣਾ ਸੀਸ ਸ੍ਰੀ ਹਰਮੰਦਹ ਸਾਹਿਬ ਅੰਮ੍ਰਿਤਸਰ ਭੇਟ ਕੀਤਾ ।

ਗੁਰਸਿਖ ਸਦਾ ਧਰਮ ਦੀ ਕ੍ਰਿਤ, ਵੰਡ ਛਕਣਾ, ਪਰਉਪਕਾਰ ਲਈ ਅਤੇ ਸੇਵਾ ਲਈ ਹਮੇਸ਼ਾ ਤਤਪਰ ਰਹਿੰਦਾ ਹੈ । ਗਊ ਗਰੀਬ ਦੀ ਰਖਸ਼ਾ ਕਰਦਾ ਹੈ । ਸ਼ਰਾਬ, ਕਬਾਬ ਪੰਜ ਚੋਰ, ਕਾਮ, ਕਰੋਧ, ਲੋਭ ਮੋਹ ਹੰਕਾਰ ਨੂੰ ਨਕੇਲ (ਨਥ) ਪਾਕੇ ਆਪਣੇ ਬਸ ਵਿਚ ਰਖਦਾ ਹੈ ।

"ਕਾਮ ਕਰੋਧ ਕਾਇਆ ਕੋ ਗਾਲੈ ਜਿਉ ਕੰਚਨ ਸੁਹਾਗਾ ਢਾਲੈ ।" ਗੁਰਸਿਖ ਵਹਿਮਾਂ, ਭਰਮਾਂ ਤੋਂ ਸਦਾਦੂਰ ਰਹਿੰਦਾ ਹੈ । ਹਰ ਕੰਮ ਖੁਸ਼ੀ ਜਾਂ ਗਮੀ ਸਮੇਂ ਸਤਿਗੁਰੂ ਸਚੇ ਪਾਤਸ਼ਾਹ ਅੱਗੇ ਜੋਦੜੀ ਕਰਦਾ ਹੈ ਨਾਮ ਦੇ ਵਿਚ ਰੰਗਿਆ ਰਹਿੰਦਾ ਹੈ ।



www.AKJ.Org

ਗੁਰਮੁਖ ਸਚਾ ਖੇਲ ਗੁਰ ਉਪਦੇਸਿਆ
ਸਾਧ ਸੰਗਤ ਦਾ ਮੇਲ ਸਬਦ ਅਵੇਸਿਆ
ਫੁਲੀਂ ਤਿਲੀਂ ਫਲੇਲ ਸੰਗ ਸਲੇਸਿਆ
ਗੁਰ ਸਿਖ ਨਕ ਨਕੇਲ ਮਿਟੇ ਅੰਦੇਸਿਅ
ਨਾਵਣ ਅੰਮ੍ਰਿਤ ਵੇਲ ਵਸਨ ਸੁਦੇਸਿਆ
ਗੁਰ ਜਪ ਰਿਦੇ ਸੁਹੇਲ ਗੁਰ ਪਰਵੇਸਿਆ
ਭਾਉ ਭਗਤਿ ਭਉ ਭੇਲ ਸਾਧ ਸਰੇਸਿਆ
ਨਿਤ ਨਿਤ ਨਵਲ ਨਵੇਲ ਸੇਵ ਸਹੇਸਿਆ ।

ਗੁਰਸਿਖ ਆਪਣੇ ਜੀਵਨ ਨੂੰ ਕੰਚਨ ਵਾਂਗ ਕੁਠਾਲੀ ਵਿਚ ਢਾਲਕੇ ਸੁਵਰਨ ਹੁੰਦਾ ਹੈ । ਇਸੇ ਤਰ੍ਹਾਂ ਗੁਰਸਿਖ ਆਪਣੇ ਜੀਵਨ ਨੂੰ ਨਾਮ ਵਿਚ ਅਤੇ ਸਤ ਦੀ ਕੁਠਾਲੀ ਵਿਚ ਢਾਲ ਕੇ ਪਵਿਤਰ ਕਰਦਾ ਹੈ। ਕੰਚਨ ਦੀ ਤਰ੍ਹਾਂ ਖਾਲਸ ਬਣ ਜਾਂਦਾ ਹੈ

ਖਾਲਸਾ ਖਾਸ ਕਹਾਵੈ ਸੋਈ,
ਜਾ ਕੇ ਹਿਰਦੇ ਭਰਮ ਨ ਹੋਈ ।
ਭਰਮ ਭੇਖ ਤੇ ਰਹੈ ਨਿਆਰਾ,
ਸੋ ਖਾਲਸ ਸਤਿਗੁਰੂ ਹਮਾਰਾ,

ਅਜ ਦਾ ਸਿਖ ਨੌਜਵਾਨ ਨਿਊ ਲਾਈਟ ਦੀ ਲਾਈਫ ਵਿਚ ਪੈ ਖੰਡੇ ਦਾ ਅੰਮ੍ਰਿਤ ਛਕਣ ਤੋਂ ਕੰਨੀ ਕੁਤਰਾਂਦਾ ਹੈ । ਨਾਮ ਅਭਿਆਸ ਦੀ ਕਮਾਈ ਤਾਂ ਕੀ ਕਰਨੀ ਸੀ ਸਗੋਂ ਪੰਜ ਕਕਾਰੀ ਰਹਿਤ ਰਖਣ ਤੋਂ ਕੁਤਰਾਂਦਾ ਹੈ ।

[1[ ਜਿਨ ਹਰਿ ਹਰਿ ਨਾਮ ਨਾ ਚੇਤਿਓ
ਸੇ ਭਾਗ ਹੀਣ ਮਰ ਜਾਇ ।
ਓਇ ਫਿਰਿ ਫਿਰਿ ਜੋਨਿ ਜਵਾਈ ਅਹਿ]
ਮਰ ਜੰਮਿਹ ਆਵੈ ਜਾਇ ।
ਓਇ ਜਮਦਰ ਬਧੇ ਮਾਰੀਅਹਿ
ਹਰਿ ਦਰਗਹ ਮਿਲੈ ਸਜਾਇ ।]

(2) ਗੁਰ ਮੰਤ੍ਰ ਹੀਣਸ ਜੋ ਪਰਾਣੀ
ਧ੍ਰਿਗੰਤ ਜਨਮ ਭ੍ਰਸਟਣ
ਕੂਕਰਹ ਸੂਕਰਹ ਗਰਧਭਹ
ਕਾਕਹ ਸਰਪਨਹ ਤੁਲਿ ਖਲਹ

(3) ਕੋਟਿ ਬਿਘਾਨ ਤਿਸ ਲਾਗਤੇ
ਜਿਸਨੋ ਵਿਸਰੈ ਨਾਉ ।
ਨਾਨਕ ਅਨਦਿਨੁ ਬਿਲਪਦੇ
ਜਿਉ ਸੁਞੈ ਘਰ ਕਾਉ

ਨਾਮ ਤੋਂ ਬਿਨਾ ਜਿਊਣਾ ਧ੍ਰਿਕਾਰ ਹੈ । ਜਿਉਣ ਨੂੰ ਫਿਟੇ ਮੂੰਹ ਹੈ ।

ਅਜਕਲ ਜ਼ਮਾਨੇ ਵਿਚ ਇਹੋ ਜਿਹੀ ਹਵਾ ਚਲੀ ਹੈ । ਜਿਧਰ ਧਿਆਨ ਮਾਰੋ ਸਕੂਲਾਂ, ਕਾਲਜਾਂ, ਪਰੋਫੈਸਰਾਂ, ਦਫਤਰਾਂ ਵਿਚ, ਪੁਲੀਸ ਦੇ ਸਿਪਾਹੀਆਂ ਅਤੇ ਹੋਰ ਕਰਮਚਾਰੀਆਂ ਦੀਆਂ ਦਾਹੜੀਆਂ ਟ੍ਰਿਮ ਕੀਤੀਆਂ ਹੁੰਦੀਆਂ ਹਨ । ਬਸਾਂ ਵਿਚ ਸਫਰ ਕਰੋ 80% ਪਿੰਡਾਂ ਵਿਚ ਰਹਿਣ ਵਾਲੇ ਨੌਜਵਾਨਾਂ ਦੀਆਂ ਦਾਹੜੀਆਂ ਦੀ ਇਉਂ (ਟ੍ਰਿਮਿੰਗ) ਅਤੇ ਫੈਨਸਿੰਗ ਹੁੰਦੀ ਹੈ, ਜਿਵੇਂ ਕਿਸੇ ਬਾਗੀਚੇ ਯਾਂ ਕੋਠੀ ਦੇ ਆਸ ਪਾਸ ਦੀ ਬਾੜ ਮੈਂਹਦਲ ਦੀ ਮਾਲੀ ਫੈਂਨਸਿੰਗ ਕਰਦਾ ਹੈ। ਜ ਇਸ ਤਰ੍ਹਾਂ ਦਾ ਹਾਲ ਰਿਹਾ ਤਾਂ ਸਿਖ ਧਰਮ ਪੰਜਾਬ ਅਤੇ ਭਾਰਤ ਵਰਸ਼ ਵਿਚ ਕੋਈ "ਰਹਿਉ ਬੂਟ ਰਹਿਓ ਰੀ ਵਾਲੀ ਗਲ ਰਹਿ ਜਾਵੇਗੀ । ਆਉਣ ਵਾਲੀ ਪਨੀਰੀ ਤਾਂ ਗੁਰਮਤਿ ਨੂੰ ਜਲਾਂਜਲੀ ਦੇ ਦੇਵੇਗੀ ।

ਇਹ ਸਿਖੀ ਬੜੇ ਭਾਗਾਂ ਨਾਲ ਮਿਲਦੀ ਹੈ। ਸਿਖ ਦਾ ਬਚਾ ਜੰਮਦਾ ਹੀ ਸਰਦਾਰ ਅਖਵਾ ਸਕਦਾ ਹੈ । ਕੇਸਾਂ ਕਰਕੇ ਸਰਦਾਰ, ਖਾਲਸਾ ਅਤੇ ਸਿੰਘ ਦਾ ਖਿਤਾਬ ਹੈ । ਕਲਗੀਧਰ ਸੱਚੇ



www.AKJ.Org

ਪਾਤਸ਼ਾਹ ਨੇ ਫੁਰਮਾਇਆ ਹੈ।

ਬਿਨਾਂ ਸ਼ਸਤ੍ਰ ਕੇਸੰ ਤੇ ਨਰੰ ਭੇਡ ਜਾਨੋ
ਖਿਚੇ ਕਾਨ ਤਾਂ ਕੋ ਕਿਤੇ ਲੈ ਸਿਧਾਨੋ
ਇਹ ਮੋਰੀ ਆਗਿਆ ਸੁਨਹੁ ਹੇ ਪਿਆਰੇ
ਬਿਨਾ ਤੇਗ ਕੇਸੰ ਦਿਵੋ ਨਾ ਦੀਦਾਰੇ।

ਉਠੋ ਖਾਲਸਾ ਜੀ ਹੰਭਲਾ ਮਾਰੋ ਤੇ ਖੋਟ ਨੂੰ ਕਢਕੇ ਖਾਲਸ ਬਣੋ ਤੇ ਬਣਾਵੋ। ਪਤਤ ਪੁਣੇ ਦੀ ਚਲ ਰਹੀ ਹਨੇਰੀ ਨੂੰ ਠਲ੍ਹ ਪਾਵੋ। ਆਓ ਅਸੀਂ ਸਾਰੇ ਜਥੇਬੰਦ ਹੋ ਕੇ ਹੇਮ ਕੁੰਟ ਮਿਸ਼ਨ ਚੰਡੀਗੜ੍ਹ ਵਾਲਿਆਂ ਨਾਲ ਸਿਖੀ ਪਰਚਾਰ ਅਤੇ ਕੁਝ ਦਸ ਵੰਧ ਵਿਚੋਂ ਮਾਇਆ ਦੀ ਸਹਾਇਤਾ ਕਰੀਏ। ਸ੍ਰੀ ਹੇਮ ਕੁੰਟ ਮਿਸ਼ਨ ਕਮੇਟੀ ਦੇ ਮੁਖੀ ਪਤਵੰਤੇ ਗੁਰਮੁਖ ਪਿਆਰਿਆ ਦੀ 11 ਮੈਂਬਰਾਂ ਦੀ ਕਮੇਟੀ ਬਣੀ ਹੈ। ਜਿਨ੍ਹਾਂ ਦੇ ਨਾਲ ਆਪਣਾ ਕੀਮਤੀ ਵਕਤ ਨੂੰ ਕਢਦੇ ਹੋਏ ਸਹਿਯੋਗ ਦੇਈਏ।

---

—ਸਫਾ 29 ਦੀ ਬਾਕੀ—

ਹੈ। ਅਜ ਵੀ ਸਿਖ ਯਾਤਰੀ, ਡੇਹਰਾ ਸਾਹਿਬ ਦੀ ਪਾਵਨ ਆਤਮ ਲਈ ਜਾਂਦੇ ਹਨ ਪਰ ਕੀ ਕਦੀ ਅਸਾਂ ਆਪਣੇ ਗਿਰੇਬਾਨ ਵਿਚ ਮੂੰਹ ਪਾ ਕੇ ਵੇਖਿਆ ਹੈ ਕਿ ਅਸੀਂ ਸ਼ਹੀਦਾਂ ਦੇ ਸਿਰੋਤਾ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਕਿਨਾ ਕੁ ਰਿਣ ਉਤਾਰਿਆ ਹੈ। ਜੇ ਉਸ ਮਿਠ ਬੋਲੜੇ ਸਜਨ ਦੀ ਉਦਾਰਨ ਕੀਤੀ ਹੋਈ ਇਕੋ ਤੁਕ-

"ਕਉੜਾ ਬੋਲਿ ਨਾ ਜਾਨੈ, ਪੂਰਨ ਭਗਵਾਨੈ ਅਉਗਣ ਕੋ ਨ ਚਿਤਾਰੇ, ਨਾਲ ਆਪਣੇ ਆਪ ਨੂੰ ਤੋਲੀਏ ਤਾਂ ਪਤਾ ਲਗਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਉਮੱਤ ਕਿਥੋਂ ਕਿਥੇ ਪਹੁੰਚ ਗਈ ਹੈ।

ਆਓ ! ਉਸ ਮਿਠਤ, ਪਿਆਰ, ਸ਼ਾਂਤੀ ਤੇ ਪਰਉਪਕਾਰੀ ਦੇ ਦੇਵਤੇ ਦੀ ਯਾਦ, ਉਸਦ ਉਪਦੇਸ਼ਾਂ ਦੀ ਰੋਸ਼ਨੀ ਵਿਚ ਸਚੇ ਦਿਲੋਂ ਮਨਾਈਏ। ਫੁਟਪਾਊ ਰੁਚੀਆਂ ਕੋੜੇ ਬੋਲਾਂ, ਈਰਖਾਲੂ ਸੁਭਾਵਾਂ ਤੇ ਵਧ ਰਹੀਆਂ ਧੜੇਬੰਦੀਆਂ ਦੀਆਂ ਰੜਖੇੜਾਂ ਮੁਕਾ ਕੇ, ਗੁਰੂਜੀ ਦੇ ਇਨ੍ਹਾਂ ਸ਼ਬਦਾਂ ਦੀ ਸੇਧ ਵਿਚ ਤੁਰਾਏ—

ਹੋਇ ਇਕਤ੍ਰ ਮਿਲਹੁ ਮੇਰੇ ਭਾਈ।
ਦੁਬਿਧਾ ਦੂਰ ਕਰਹੁ ਲਿਵਲਾਇ।
ਹਰਿ ਨਾਮੈ ਕੀ ਹੋਵਹੁ ਜੋੜੀ।
ਗੁਰਮੁਖ ਬੈਸਹੁ ਸਫਾ ਵਿਛਾਇ।



www.AKJ.Org

# ਬਾਹਰ ਮੁਖੀ ਚਿਨ੍ਹ

ਵਲੋਂ ਭਾਈ ਬਿਸ਼ਨ ਸਿੰਘ ਜੀ ਕਪੂਰਥਲਵੀ

ਅਜ ਕਲ੍ਹ ਕੁਝ ਆਨਮਤੀ ਸਜਨਾਂ ਦੇ ਪ੍ਰਭਾਵ ਹੇਠ ਆ ਕੇ ਸਿਖੀ ਪ੍ਰਚਾਰ ਦੇ ਘਾਟੇ ਕਾਰਨ ਸਾਡੇ ਕਈ ਸਿਖ ਪੜ੍ਹਾਕੂ ਨੌਜਵਾਨ, ਗੁਰੂ ਦਰਸਾਈ ਪੰਜ ਕਕਾਰੀ ਰਹਿਤ ਧਾਰਨ ਤੋਂ ਕਨੀ ਕਤਰਾਉਂਦੇ ਹੋਏ, ਪੁਛਿਆ ਕਰਦੇ ਹਨ ਕਿ ਕੀ ਸਿਖਾਂ ਵਾਸਤੇ ਪੰਜ ਰਹਿਤਾਂ ਰਖਣੀਆਂ ਹਿੰਦੂਆਂ ਦੇ ਜਨੇਊ ਆਦਿ ਵਾਂਗ ਚਿਨ੍ਹ ਨਹੀਂ ਹਨ ? ਜਦ ਗੁਰਬਾਣੀ ਵਿਚ ਬਾਹਰਲੇ ਚਿੱਨ੍ਹ ਧਾਰਨ ਕਰਨ ਦੀ ਨਖੇਧੀ ਕੀਤੀ ਹੋਈ ਹੈ ਤਾਂ ਪੰਜ ਕਕਾਰੀ ਰਹਿਤ ਰਖਣੀ ਕਿਉਂ ਮੁੱਖੀ ਤੇ ਲਾਜ਼ਮੀ ਕਰਾਰ ਦਿਤੀ ਗਈ ਹੈ ! ਆਓ ਇਹਨਾਂ ਸਵਾਲਾਂ ਤੇ ਵਿਚਾਰ ਕਰੀਏ ਤੇ ਇਹਨਾਂ ਦਾ ਯੋਗ ਉਤਰ ਲਭਣ ਦਾ ਯਤਨ ਕੀਤਾ ਜ ਵੇ ।

ਗੁਰਬਾਣੀ ਵਿਚ ਬਹਾਰ-ਮੁਖੀ ਦਿਖਲਾਵੇ ਦੇ ਚਿੱਨ੍ਹ ਧਾਰਨ ਕਰਨ ਦੀ ਜ਼ਰੂਰ ਨਖੇਦੀ ਕੀਤੀ ਹੋਈ ਹੈ । ਜਿਸ ਚਿੱਨ੍ਹ ਜਾਂ ਰਹਿਤ ਦੇ ਧਾਰਨ ਕਰਨ ਦਾ ਆਤਮਿਕ ਯਾ ਸਰੀਰਕ ਕੋਈ ਲਾਭ ਨਾ ਹੋਵੇ ਉਹ ਨੂੰ ਧਾਰਨ ਕਰਨਾ ਫਜ਼ੂਲ ਹੀ ਨਹੀਂ ਸਗੋਂ ਮੂਰਖਤਾ ਵੀ ਹੈ ਤੇ ਭਰਮਾਂ ਤੇ ਵਹਿਮਾਂ ਦੇ ਖਾਰੇ ਸਮੁੰਦਰ ਵਿਚ ਡੁਬਣਾ ਵੀ ਹੈ, ਪਰ ਜੋ ਬਾਹਰ-ਮੁਖੀ ਚਿੱਨ੍ਹ ਯਾ ਵਰਦੀ ਯਾ ਪੋਸ਼ਾਕ ਆਤਮਿਕ ਤੇ ਸਰੀਰਕ ਦੋਨੋਂ ਭਾਤਾਂ ਦੇ ਬਲ ਬਖਸ਼ਦੇ ਹੋਣ ਉਹਨਾਂ ਨੂੰ ਧਾਰਨ ਕਰਨਾ ਆਤਮਾ ਤੇ ਸਰੀਰ ਨੂੰ ਬਲਵਾਨ ਤੇ ਮਜ਼ਬੂਤ ਕਰਨਾ ਹੈ । ਜਿਸ ਦੀ ਆਤਮਾਂ ਬਲ ਵਾਲੀ ਤੇ ਸਰੀਰ ਰਿਸ਼ਟ ਪੁਸ਼ਟ ਹੋਵੇ ਉਹ ਔਕੜ ਵੇਲੇ ਆਪਣਾ ਹੀ ਨਹੀਂ ਸਗੋਂ ਦੂਜਿਆਂ ਦਾ ਵੀ ਬਚਾਅ ਤੇ ਰਖਿਆ ਕਰ ਸਕਦਾ ਹੈ। ਬਲ ਵਾਲੀ ਆਤਮਾਂ ਸਦਾ ਸੁਤੰਤਰ ਰਹਿੰਦੀ ਹੈ ਅਤੇ ਅਣਖ ਵਾਲੀ ਹੁੰਦੀ ਹੈ, ਏਸ ਵਾਸਤੇ ਜੋ ਪੋਸ਼ਾਕ ਯਾ ਚਿੰਨ੍ਹ ਆਤਮਾਂ ਨੂੰ ਪਵਿਤ੍ਰ ਤੇ ਸੁਤੰਤ੍ਰ ਬਨਾਉਣ ਵਾਲੇ ਤੇ ਸਰੀਰਕ ਉਚਿਆਈ ਨੂੰ ਪ੍ਰਗਟ ਕਰਨ ਵਾਲੇ ਹੋਵਨ ਉਹ ਜ਼ਰੂਰ ਧਾਰਨ ਕਰਨੇ ਚਾਹੀਦੇ ਹਨ, ਅਤੇ ਜਿਹੜੇ ਇਸ ਤੋਂ ਉਲਟ ਢਹਿੰਦੀਆਂ ਕਲਾਂ ਵਿਚ ਲੈ ਜਾਣ ਵਾਲੇ ਹੋਵਨ ਉਹਨਾਂ ਨੂੰ ਹਾਨੀ-ਕਾਰਕ ਤੇ ਪਾਖੰਡੀ ਭੇਖ ਸਮਝਕੇ ਛਡ ਦੇਣਾ ਚਾਹੀਦਾ ਹੈ ਕਿਉਂਕਿ ਦਸਮ ਪਿਤਾ ਜੀ ਦਾ ਸ੍ਰੀ ਮੁਖ ਵਾਕ ਹੈ : "ਭੇਖ ਦਿਖਾਏ ਜਗਤ ਕੋ ਲੋਗਨ ਕੋ ਬਸ ਕੀਨ । ਅੰਤ ਕਾਲ ਕਾਤੀ ਕਟਿਯੋ ਬਾਸ ਨਰਕ ਮੋ ਲੀਨ ।" ਸ੍ਰੀ ਭਗਤ ਕਬੀਰ ਸਾਹਿਬ ਜੀ ਦਾ ਵੀ ਆਸਾ ਰਾਗ ਵਿਚ ਇਕ ਸ਼ਬਦ ਅੰਕਤ ਹੈ : "ਗਜ ਸਾਢੇ ਤੈ ਤੈ ਧੋਤੀਆਂ ਤਿਹਰੇ ਪਾਇਨਿ ਤਗ। ਗਲੀ ਜਿਨਾ ਜਪ ਮਾਲੀਆ ਲੋਟੇ ਹਥ ਨਿਬਗ । ਓਇ ਹਰਿ ਕੇ ਸੰਤ ਨ ਆਖੀਅਹਿ ਬਨਾਰਸ ਕੇ ਠਗ ।" ਸ੍ਰੀ ਗੁਰੂ ਰਾਮਦਾਸ ਜੀ ਦਾ ਵੀ ਫਰਮਾਨ ਹੈ : 'ਹਿਰਦੇ ਜਿਨਕੇ ਕਪਟ ਵਸੈ ਬਾਹਰੁ ਸੰਤ ਕਹਾਹਿ ॥ ਤ੍ਰਿਸ਼ਨਾ ਮੂਲ ਨ ਚੁਕਈ ਅੰਤਿ ਗਏ ਪਛੁਤਾਹਿ ॥"

ਦੁਨੀਆਂ ਵਿਚ ਕਈ ਕਿਸਮ ਦੇ ਮਤ ਤੇ ਮਜ਼ਹਬ ਹਨ ਤੇ ਉਹਨਾਂ ਉਤੇ ਚਲਣ ਵਾਲਿਆਂ ਦੇ ਆਪਣੇ ਆਪਣੇ ਵਖਰੇ ਚਿੱਨ੍ਹ ਹਨ, ਉਹ ਰਸਮੀ ਤੌਰ ਤੇ ਆਪਣੇ ਆਪਣੇ ਚਿੱਨ੍ਹਾਂ ਨੂੰ ਮੁਢੋਂ ਹੀ



www.AKJ.Org

ਧਾਰਨ ਕਰਦੇ ਚਲੇ ਆਏ ਹਨ, ਹਰ ਇਕ ਫਿਰਕਾ ਆਪਣੇ ਆਪਣੇ ਮਜ਼ਹਬ ਦੇ ਚਿੰਨ੍ਹਾਂ ਨੂੰ ਸਾਰਿਆਂ ਨਾਲੋਂ ਚੰਗਾ ਸਮਝਦਾ ਹੈ ਅਤੇ ਬਿਨਾ ਸੋਚੇ ਸਮਝੇ ਤੇ ਇਹ ਭੁਲਕੇ ਕਿ ਇਹਨਾਂ ਦੇ ਧਾਰਨ ਕਰਨ ਵਿਚ ਕੋਈ ਆਤਮਕ ਯਾ ਸਰੀਰਕ ਲਾਭ ਵੀ ਹੈ ਯਾ ਨਹੀਂ ਕੇਵਲ ਇਸ ਕਰਕੇ ਧਾਰਨ ਕਰ ਰਿਹਾ ਹੈ ਕਿ ਉਸ ਫਿਰਕੇ ਯਾ ਮਜਹਬ ਦੇ ਉਹ ਚਿੱਨ੍ਹ ਹਨ, ਭਾਵੇਂ ਜ਼ਾਹਰਾ ਇਹਨਾਂ ਦਾ ਕੋਈ ਲਾਭ ਯਾ ਫਾਇਦਾ ਹੋਵੇ ਯਾ ਨਾ ਹੋਵੇ। ਉਧਾਰਨ ਵਜੋਂ ਹਿੰਦੂਆਂ ਦੇ ਜਨੇਊ ਨੂੰ ਲੈ ਲਵੋ। ਬ੍ਰਾਹਮਣ ਕਿਸੇ ਧਾਗੇ ਦਾ ਪਹਿਨਦਾ ਹੈ, ਖਤਰੀ ਨੂੰ ਬ੍ਰਾਹਮਣ ਵਾਲੇ ਧਾਗੇ ਦਾ ਜਨੇਊ ਪਹਿਨਣ ਦਾ ਹੁਕਮ ਨਹੀਂ ਹੈ, ਵੈਸ਼ ਨੂੰ ਬ੍ਰਹਮਣ ਤੇ ਖਤਰੀ ਦੋਹਾਂ ਨਾਲੋਂ ਵਖਰਾ ਘਟੀਆ ਦਰਜੇ ਦੇ ਧਾਗੇ ਦਾ ਜਨੇਊ ਪਹਿਨਣ ਦੀ ਆਗਿਆ ਹੈ ਅਤੇ ਸ਼ੂਦਰ ਬਿਚਾਰੇ ਨੂੰ ਉੱਕਾ ਹੀ ਕਿਸੇ ਕਿਸਮ ਦਾ ਜਨੇਊ ਪਹਿਰਨਾ ਬਿਵਰਜਤ ਹੈ, ਗੋਇਆ ਜਨੇਊ ਪਹਿਰਨ ਨਾਲ ਕੋਈ ਫਾਇਦਾ, ਲਾਭ ਤੇ ਪਵਿਤਰਤਾ ਤਾਂ ਕੀ ਹੋਣੀ ਸੀ ਸਗੋਂ ਇਕੋ ਹਿੰਦੂ ਸੋਸਾਇਟੀ ਵਿਚ ਇਕ ਦੂਜੇ ਨਾਲ ਨਫਰਤ ਵਧਾਉਣ ਦਾ ਕਾਰਨ ਜਨੇਊ ਬਣਿਆ ਹੋਇਆ ਹੈ। ਜਿਥੇ ਨਫਰਤ ਹੈ ਉਥੇ ਏਕਤਾ ਤੇ ਪਵਿਤਰਤਾ ਕਿੱਦਾਂ ਹੋ ਸਕਦੀ ਹੈ, ਜਿਥੇ ਪਵਿਤਰਤਾ ਨਾਲ ਮਿਲੀ ਹੋਈ ਏਕਤਾ ਹੈ ਨਹੀਂ, ਉਥੇ ਸੁਤੰਤਰਤਾ ਤੇ ਆਜ਼ਾਦੀ ਦੀ ਦੇਵੀ ਠਹਿਰ ਨਹੀਂ ਸਕਦੀ, ਗੋਇਆ (ਯਾ ਐਉਂ ਕਹਿ ਲਵੋ ਕਿ) ਜਨੇਊ ਸੁਤੰਤਰਤਾ ਦਾ ਵੈਰੀ ਬਣਿਆ ਹੋਇਆ ਹੈ। ਅਜ ਕਲ੍ਹ ਸਾਨੂੰ ਭਾਰਤ ਵਾਸੀਆਂ ਨੂੰ ਐਸੀ ਪੋਸ਼ਾਕ ਤੇ ਚਿੱਨ ਧਾਰਨ ਕਰਨੇ ਚਾਹੀਦੇ ਹਨ ਜਿਹਨਾਂ ਨਾਲ ਪ੍ਰਸਪਰ ਪ੍ਰੇਮ, ਆਤਮਿਕ ਸੁਤੰਤਰਤਾ ਤੇ ਦੇਸ਼ ਦੀ ਆਜ਼ਾਦੀ ਕਾਇਮ ਦਾਇਮ ਰਵ੍ਹੇ।

ਆਓ ਹੁਣ ਲਭੀਏ ਤੇ ਢੂੰਡੀਏ ਕਿ ਐਸੀ ਪੋਸ਼ਾਕ ਤੇ ਚਿੱਨ੍ਹ ਕਿਹੜੇ ਹਨ ਜਿਹਨਾਂ ਨੂੰ ਧਾਰਨ ਕਰਨ ਨਾਲ ਅਸੀਂ ਆਪਣੇ ਆਪ ਨੂੰ ਹੀ ਨਹੀਂ ਸਗੋਂ ਆਪਣੇ ਦੇਸ਼ ਨੂੰ ਇਕ ਮੁੱਠ ਹੋ ਕੇ ਸੁਤੰਤਰ ਬਣਾ ਸਕਦੇ ਹਾਂ। ਇਸ ਸ਼ੁਭ ਤੇ ਪਵਿਤਰ ਕਾਰਜ ਨੂੰ ਸਫ਼ਲਤਾ ਨਾਲ ਸਿਰੇ ਚੜ੍ਹਾਣ ਲਈ ਸਾਨੂੰ ਆਪਣੇ ਹਿਰਦਿਆਂ ਦੀ ਸ਼ੁਧਤਾ ਤੇ ਸਰੀਰਕ ਬਲ ਦੀ ਲੋੜ ਹੈ ਅਤੇ ਨਾ-ਇਤਫਾਕੀ, ਈਰਖਾ ਤੇ ਊਚ ਨੀਚ ਦੇ ਭਾਵਾਂ ਨੂੰ ਤਲਾਂਜਲੀ ਦੇ ਕੇ ਸਾਰਿਆਂ ਨੂੰ ਇਕ ਮੁੱਠ ਹੋ ਕੇ ਇਕੋ ਲੜੀ ਵਿਚ ਪ੍ਰੋਤੇ ਜਾਣ ਦੀ ਸਖਤ ਜ਼ਰੂਰਤ ਹੈ, ਇਹ ਤਦੇ ਹੋ ਸਕਦਾ ਹੈ ਜਦ ਸਾਡੇ ਸਾਰਿਆਂ ਦਾ ਜ਼ਾਹਰ ਤੇ ਬਾਤਨ ਇਕ ਹੋਵੇ। ਜ਼ਾਹਰ ਤੇ ਬਾਤਨ ਇਕੋ ਜਿਹਾ ਬਨਾਉਣ ਲਈ ਸਾਡੀ ਸਾਰਿਆਂ ਦੀ ਬਾਹਰਲੀ ਪੋਸ਼ਾਕ ਤੇ ਚਿੱਨ੍ਹ ਹੀ ਨਹੀਂ ਸਗੋਂ ਅੰਦਰਲੀ ਆਤਮਿਕ ਪਵਿਤਰਤਾ ਨੂੰ ਕਾਇਮ ਰਖਣ ਵਾਸਤੇ ਸਾਡਾ ਸਾਰਿਆਂ ਦਾ ਇਸ਼ਟ ਤੇ ਧਾਰਮਿਕ ਨਸ਼ਾਨਾ ਵੀ ਇਕੋ ਹੋਣਾ ਚਾਹੀਦਾ ਹੈ ਤੇ ਸਾਨੂੰ ਸਾਰਿਆਂ ਨੂੰ ਇਕੋ ਖਿਆਲ—ਦੇਸ਼ ਸੇਵਾ ਦਾ—ਧਾਰਨ ਕਰਕੇ ਇਕੋ ਜਥੇਬੰਦੀ ਵਿਚ ਪਰੋਇ ਜਾਣਾ ਚਾਹੀਦਾ ਹੈ। ਸਰੀਰਕ ਬਲ ਕਾਇਮ ਰਖਣ ਵਾਸਤੇ ਸਾਨੂੰ ਚਾਹੀਦਾ ਹੈ ਕਿ ਅਸੀਂ ਸਾਰੇ ਆਪਣੀ ਬਾਹਰਲੀ ਪੋਸ਼ਾਕ ਤੇ ਚਿੱਨ੍ਹ ਐਸੇ ਧਾਰਨ ਕਰੀਏ ਜਿਹਨਾਂ ਨਾਲ ਅਸੀਂ ਰੋਅਬ ਦਾਬ ਵਾਲੇ ਅਤੇ ਇਕ ਲੜੀ ਵਿਚ ਪਰੋਏ ਹੋਏ ਭਾਸੀਏ। ਇਹ ਤਦੇ ਹੋ ਸਕਦਾ ਹੈ ਕਿ ਅਸੀਂ ਬਹਾਦਰ ਸੂਰਮਿਆਂ ਵਾਲੀ ਪੋਸ਼ਾਕ ਨੂੰ ਆਪਣੇ ਚਿਨ੍ਹ



www.AKJ.Org

ਧਾਰੀਏ ਅਤੇ ਡਸਿਪਲਨ ( Discipline ) ਤੇ ਜ਼ਬਤ ਵਿਚ ਰਹਿੰਦੇ ਹੋਏ ਇਕ ਜਥੇਬੰਦੀ ਬਣ ਕੇ ਆਪਣੇ ਦੇਸ਼ ਤੇ ਕੌਮ ਦੀ ਰਾਖੀ ਤੇ ਹਿਫਾਜ਼ਤ ਕਰੀਏ, ਜਿੱਦਾਂ ਮੁਗ਼ਲੀਆ ਬਾਦਸ਼ਾਹਾਂ ਦੀ ਹਕੂਮਤ ਵੇਲੇ ਅਤੇ ਉਸ ਤੋਂ ਬਾਅਦ ਵੀ ਸਾਡੇ ਬਜ਼ੁਰਗ ਮਹਾਂ ਪੁਰਖਾਂ ਨੇ ਜੋ ਭਾਵੇਂ ਗਿਣਤੀ ਵਿਚ ਥੋੜੇ ਹੀ ਸਨ ਬਿਲਾ ਲਿਹਾਜ਼ ਕਿਸੇ ਕੌਮੀ ਯਾ ਫਿਰਕੂ ਵਿਤਕਰੇ ਦੇ ਗੁਰ ਰੀਤੀ ਅਨੁਸਾਰ ਇਕ ਜਥੇਬੰਦੀ ਬਣ ਕੇ ਦਿਲਾਂ ਨੂੰ ਕੰਬਾ ਦੇਣ ਵਾਲੀਆਂ ਕੁਰ-ਬਾਨੀਆਂ ਕਰਕੇ ਅਤੇ ਅਕਹਿ ਤੇ ਅਸਹਿ ਮੁਸੀ-ਬਤਾਂ ਝਲਕੇ ਆਪਣੇ ਦੇਸ਼ ਨੂੰ ਤੇ ਕੌਮ ਦੀ ਵਹੂ ਬੇਟੀਆਂ ਦੀ ਇੱਜ਼ਤ ਤੇ ਅਸਮਤ ਨੂੰ ਵਹਿਸ਼ੀ, ਜ਼ਾਲਮ ਤੇ ਜਨੂਨੀ ਹਮਲਾ ਆਵਰਾਂ ਲੁਟੇਰਿਆਂ ਤੋਂ ਬਚਾਇਆ ਸੀ ।

ਜਿਸ ਤਰ੍ਹਾਂ ਸਰੀਰਕ ਬਲ ਪੈਦਾ ਕਰਨ ਵਾਸਤੇ ਬਹਾਦਰ ਤੇ ਸੂਰਮਿਆਂ ਵਾਲੇ ਪਹਿਰਾਵੇ ਅਤੇ ਸ਼ਸਤਰ ਧਾਰੀ ਹੋਣ ਦੀ ਲੋੜ ਹੈ ਐਨ ਇਸ ਤਰ੍ਹਾਂ ਇਸ ਪੋਸ਼ਾਕ ਤੇ ਚਿੱਨ੍ਹਾਂ ਨੂੰ ਬਚਾਉਣ ਵਾਸਤੇ ਅਤੇ ਕੁਰਬਾਨੀ ਤੇ ਸੇਵਾ ਦਾ ਮਾਦਾ ਪੈਦਾ ਕਰਨ ਵਾਸਤੇ ਕਿਸੇ ਵਾੜ (Fence) ਦੀ ਲੋੜ ਵੀ ਹੈ ਜੋ ਨਾਮ ਬਾਣੀ ਦਾ ਆਸਰਾ ਲੈਣ ਨਾਲ ਪੂਰੀ ਹੋ ਸਕਦੀ ਹੈ । ਸਾਰੇ ਜਗਤ ਨੂੰ ਆਮ ਕਰਕੇ ਤੇ ਭਾਰਤ ਵਾਸੀਆਂ ਨੂੰ ਖਾਸ ਕਰਕੇ ਇਹ ਪਤਾ ਹੈ ਕਿ ਜਦੋਂ ਔਰੰਗਜ਼ੇਬ ਭਾਰਤੀ ਤਹਿਜ਼ੀਬ ਤੇ ਕਲ-ਚਰ ਨੂੰ ਮਲੀਆਮੇਟ ਕਰ ਰਿਹਾ ਸੀ, ਹਿੰਦੂ ਮੰਦਰਾਂ ਨੂੰ ਢਾਅ ਕੇ ਉਹਨਾਂ ਦੀ ਥਾਂ ਮਸਜਦਾਂ ਬਣਵਾ ਰਿਹਾ ਸੀ, ਭਾਰਤੀ ਬਹੂ ਬੇਟੀਆਂ ਨੂੰ ਜ਼ਾਲਮ ਗੁੰਡੇ ਤੇ ਜਾਬਰ ਬੁਰਛੇ ਬਦੋ ਬਦੀ ਤੇ ਧਕੋ ਜ਼ੋਰੀ ਆਪਣੇ ਘਰਾਂ ਵਿਚ ਪਾ ਕੇ ਉਹਨਾਂ ਦੀ ਇੱਜ਼ਤ ਖਰਾਬ ਕਰ ਰਹੇ ਸਨ ਤੇ ਅਸਮਤ ਲੁਟ ਰਹੇ ਸਨ ਅਤੇ ਭਾਰਤੀਆਂ ਉਤੇ ਨਜਾਇਜ਼ ਟੈਕਸ ਤੇ ਜਜ਼ੀਏ ਕੇਵਲ ਗੈਰ-ਮੁਸਲਿਮ ਤੇ ਹਿੰਦੂ ਹੋਣ ਦੇ ਕਾਰਨ ਲਗ ਰਹੇ ਸਨ ਤੇ ਹਿੰਦੂ ਮਜ਼ਹਬ ਦਾ ਮੁਖੀ ਚਿੱਨ੍ਹ ਜਨੇਊ ਬਦੋ ਬਦੀ ਲੁਹਾਇਆ ਜਾ ਰਿਹਾ ਸੀ ਉਦੋਂ ਇਹ ਧਾਰਮਿਕ ਚਿੱਨ੍ਹ (ਜਨੇਊ) ਧਾਰਦੇ ਹੋਏ ਵੀ ਸਾਰੇ ਅਣਖਹੀਣ ਬਣੇ ਹੋਏ ਸਨ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਜੋਸ਼ ਉਪਜਾਊ ਪਰ ਅੰਮ੍ਰਿਤ-ਭਰੀ-ਮਿੱਠੀ-ਬਾਣੀ ਅਤੇ ਭ ਵਸ਼ਾਲੀ ਤੇ ਪੁਰ ਅਸਰ ਉਪਦੇਸ਼ਾਂ ਦਵਾਰਾ ਇਕ ਖਾਸ ਡਸਿਪਲਨ (Discipli e) ਰਾਹੀਂ ਊਚ ਨੀਚ ਦਾ ਫਰਕ ਮਿਟਾ ਕੇ ਸਾਰਿਆਂ ਨੂੰ ਇਕੋ ਬਾਟੇ ਵਿਚ ਅੰਮ੍ਰਿਤ ਛਕਾ ਕੇ ਤੇ ਪੰਜ ਰਹਿਤਾਂ ਰਖਾ ਕੇ ਅਤੇ ਚੌਹਾਂ ਬੱਜਰ ਕੁਰਹਿਤਾਂ ਤੋਂ ਵਰਜ ਕੇ ਇਕ ਲੜੀ ਤੇ ਜਥੇਬੰਦੀ ਵਿਚ ਪਰੋਇਆ ਤੇ ਜ਼ਾਲਮ ਜਾਬਰਾਂ ਦੇ ਹਥੋਂ ਜ਼ੁਲਮ ਤੇ ਜਬਰ ਦੀ ਤਲਵਾਰ ਖੋਹਣ ਵਾਸਤੇ ਮੈਦਾਨ ਵਿਚ ਕੁੱਦਣ ਤੇ ਡੱਟਣ ਲਈ ਲਿਆਂਦਾ। ਇਹਨਾਂ ਸ਼ਸਤਰ ਧਾਰੀ ਕੁਰਬਾਨੀ ਦੇ ਪੁੰਜ ਸੂਰਬੀਰਾਂ ਨੇ ਗੁਰੂ ਮਹਾਰਾਜ ਦੀ ਅਗਵਾਈ ਹੇਠ ਜ਼ਾਲਮਾਂ ਦੇ ਜਬਰ ਤੋਂ ਡਰਨ ਦੀ ਥਾਂ ਜੈਕਾਰੇ ਗਜਾ ਕੇ ਭਾਵੇਂ ਸ਼ਹੀਦੀਆਂ ਪਾਈਆਂ ਤੇ ਦੇਸ਼ ਸੇਵਾ ਖਾਤਰ ਕੁਰਬਾਨ ਹੋਏ ਪਰ ਜ਼ਾਲਮਾਂ ਦੀਆਂ ਜੜ੍ਹਾਂ ਪੁਟ ਸਿਟੀਆਂ । ਇਹ ਸਾਰੀ ਹਿੰਮਤ ਤੇ ਬਰਕਤ ਗੁਰੂ ਗੋਬਿੰਦ ਸਿੰਘ ਜੀ ਦੇ ਬਖਸ਼ੇ ਹੋਏ ਪਵਿਤਰ ਅੰਮ੍ਰਿਤ ਅਤੇ ਸਾਹਿਬਾਂ ਦੇ ਦਰਸਾਏ ਹੋਏ ਤੇ ਧਾਰਨ ਕਰਾਏ ਹੋਏ ਪੰਜ ਕਰਾਰੀ ਚਿੱਨ੍ਹਾਂ ਕਰ ਕੇ ਹੀ ਸੀ । ਜਿੱਦਾਂ ਔਰੰਗਜ਼ੇਬੀ ਜ਼ੁਲਮ ਤੇ ਜਬਰ ਦੇ ਵੇਲੇ ਸਫਲਤਾ ਪ੍ਰਾਪਤ ਕਰਨ ਲਈ ਇਹਨਾਂ ਚਿੱਨ੍ਹਾਂ ਦੀ ਲੋੜ ਸੀ. ਇਸੇ ਤਰ੍ਹਾਂ ਹੁਣ ਵੀ ਆਜ਼ਾਦੀ



www.AKJ.Org

ਦੀ ਦੇਵੀ ਦੀ ਰਖਿਆ ਵਾਸਤੇ ਇਹਨਾਂ ਚਿੱਨ੍ਹਾਂ ਦੀ ਸਦਾ ਹੀ ਲੋੜ ਹੈ। ਇਹ ਚਿੱਨ੍ਹ ਸਖਤ ਔਕੜ ਵੇਲੇ ਅਜ਼ਮਾਏ ਜਾ ਚੁਕੇ ਹਨ ਤੇ ਅਜ਼ਮਾਇਸ਼ ਦੇ ਵੇਲੇ ਪੂਰੇ ਕਾਮਯਾਬ ਤੇ ਸਫ਼ਲ ਸਾਬਤ ਰਹੇ ਹਨ। ਇਹਨਾਂ ਚਿੱਨ੍ਹਾਂ ਨੂੰ ਧਾਰਨ ਕਰਕੇ ਤੇ ਖੰਡੇ ਦਾ ਅੰਮ੍ਰਿਤ ਛਕ ਕੇ ਚਿੜੀਆਂ ਵਰਗੇ ਗਰੀਬ ਮਜ਼ਲੂਮਾਂ ਨੇ ਬਾਜ਼ਾਂ ਵਰਗੇ ਸ਼ਿਕਾਰੀ ਜ਼ਾਲਮਾਂ ਦਾ ਸ਼ਿਕਾਰ ਕੀਤਾ ਅਤੇ ਗਿਦੜਾਂ ਵਰਗੇ ਬੁਜ਼ਦਿਲਾਂ ਤੋਂ ਬਘਿਆੜਾਂ ਵਰਗੇ ਖੂੰ ਖਾਰਾਂ ਨੂੰ ਤੁੜਵਾਇਆ, ਗਰੀਬ ਤੇ ਅਖੌਤੀ ਨੀਚ ਜਾਤੀਆਂ ਵਾਲਿਆਂ ਡਰਾਕਲਾਂ ਨੇ ਬਾਦਸ਼ਾਹੀ ਸੈਨਾ ਦਾ ਮੂੰਹ ਭੰਨਿਆਂ ਜਿਸ ਨੂੰ ਦੇਖ ਕੇ ਦੁਨੀਆਂ ਦੰਗ ਰਹਿ ਗਈ। ਸੋ ਸਿੰਘਾਂ ਦੀ ਪੰਜ ਕਕਾਰੀ ਰਹਿਤ, ਜਿਸ ਵਿਚ ਕਿਰਪਾਨ, ਕੜਾ, ਕਛਹਿਰਾ, ਕੰਘਾ ਤੇ ਪਵਿਤਰ ਕੇਸ਼ਾ ਨੂੰ ਸੰਭਾਲਣ ਵਾਲੀ ਕੇਸ ਕੇਸਕੀ ਸ਼ਾਮਲ ਹਨ, ਹਿੰਦੂਆਂ ਦੇ ਜਨੇਊ ਤੇ ਮੁਸਲਮਾਨਾਂ ਦੇ ਸ਼ਰੱਈ ਤੰਬਿਆ ਤੇ ਸੁਨੱਤ ਆਦਿ ਵਾਗੂੰ ਕਿਸੇ ਕਿਸਮ ਦੀ ਨਖੇਦੀ ਦੇ ਲਾਇਕ ਨਹੀਂ ਹੈ ਸਗੋਂ ਦੇਸ਼ ਸੁਤੰਤਰਤਾ ਬਰਦਾਨ ਕਰਨ ਵਾਲੀ ਹੋਣ ਕਰਕੇ ਪੂਰਨ ਯੋਗ ਹੈ ਅਤੇ ਭਾਰਤ ਦੀ ਰਖਸ਼ਾ ਲਈ ਹਰ ਦੇਸ਼ ਭਗਤ ਨੂੰ ਆਪਣੀ ਦੇਸ਼ ਭਗਤੀ ਦਾ ਫ਼ਰਜ਼ ਸਮਝਕੇ ਖੁਸ਼ੀ ਨਾਲ ਤੇ ਚਾਅ ਨਾਲ ਅਪਨਾਉਣੀ ਤੇ ਧਾਰਨ ਕਰਨੀ ਚਾਹੀਦਾ ਹੈ। ਇਹ ਗੁਰ ਦਰਸਾਈ ਰਹਿਤਾਂ ਕਿਸੇ ਤਅੱਸਬ ਤੇ ਫਿਰਕਾ ਪ੍ਰਸਤੀ (Communalism) ਦੇ ਝੂਠੇ ਹਠ ਹੇਠ ਆ ਕੇ ਕਦਾ ਚਿਤ ਨਿੰਦਨ ਯੋਗ ਨਹੀਂ ਹਨ। ਭਾਰਤ ਦੀਆਂ ਸਾਰੀਆਂ ਵਡੀਆਂ ਛੋਟੀਆਂ ਤੇ ਉਚੀਆਂ ਨੀਵੀਆਂ ਜਾਤੀਆਂ ਨੂੰ ਇਕ ਮੁੱਠ ਤੇ ਸਕੇ ਭਰਾਵਾਂ ਵਾਗੂੰ ਇਕੱਠੇ ਰੱਖਣ ਦਾ ਇਹ ਕੇਵਲ ਇਕੋ ਇਕ ਸਾਧਨ ਹੈ ਜੋ ਪਹਿਲੇ ਅਜ਼ਮਾਇਆ ਜਾ ਚੁਕਾ ਹੈ ਤੇ ਹੁਣ ਅਜ਼ਮਾਇਆ ਜਾ ਸਕਦਾ ਹੈ। ਸਵਰਗੀ ਪੰਡਤ ਸ੍ਰੀ ਮਦਨ ਮੋਹਨ ਜੀ ਮਾਲਵੀਆ ਵਰਗੇ ਮਹਾਂ ਪੁਰਖ ਤੋਂ ਉਚ ਕੋਟੀ ਦੇ ਦੇਸ਼ ਭਗਤ ਦੇ ਫੁਰਮਾਏ ਹੋਏ ਬਚਨਾਂ ਅਨੁਸਾਰ ਹਰ ਇਕ ਭਾਰਤੀ ਘਰਾਨੇ ਵਿਚੋਂ ਜ਼ਿਆਦਾ ਨਹੀਂ ਤੇ ਘਟੋ ਘਟ ਇਕ ਇਕ ਪ੍ਰਾਣੀ ਇਹਨਾਂ ਚਿੱਨ੍ਹਾਂ ਦਾ ਧਾਰਨੀ ਬਣ ਜਾਣਾ ਚਾਹੀਦਾ ਹੈ ਫੇਰ ਹਰ ਕੋਈ ਆਪਣੀਆਂ ਅੱਖਾਂ ਨਾਲ ਦੇਖੇਗਾ ਕਿ ਚੀਨ, ਪਾਕਿਸਤਾਨ ਤੇ ਹੋਰ ਵਡੇ ਵਡੇ ਹੈਂਕੜ ਬਾਜ਼ ਭਾਰਤ ਦਾ ਪਾਣੀ ਭਰਨ ਵਿਚ ਕਿੱਦਾਂ ਫਖਰ ਤੇ ਮਾਣ ਸਮਝਣਗੇ ਅਤੇ "ਨੀਚੋਂ ਊਚ ਕਰੇ ਮੇਰਾ ਗੋਬਿੰਦ ਕਾਹੂ ਤੇ ਨਾ ਡਰ" ਦਾ ਮਹਾਂ ਵਾਕ ਸਿੱਧ ਹੋ ਜਾਇਗਾ।

ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਮਹਿੰਗੇ ਭਾਅ ਲਈ ਹੋਈ ਦੇਸ਼ ਦੀ ਆਜ਼ਾਦੀ ਦੀ ਹਿਫਾਜ਼ਤ ਖਾਤਰ ਸਾਰੇ ਦੇਸ਼ ਵਾਸੀਆਂ ਦੀ ਕੌਮੀ ਪੋਸ਼ਾਕ (National dress) ਪੰਜ ਕਕਾਰੀ ਰਹਿਤ ਵਾਲੀ ਨੀਅਤ ਕਰ ਦੇਵੇ। ਜੇ ਹੁਕਮਨ ਐਸਾ ਕਰਨ ਵਿਚ ਸਰਕਾਰ ਨੂੰ ਕਿਸੇ ਵਜਾ ਕਰਕੇ ਅਜੇ ਝਿਜਕ ਹੋਵੇ (ਜੋ ਦੇਸ਼ ਭਲਾਈ ਨੂੰ ਮੁਖ ਰਖਦਿਆਂ ਹੋਣੀ ਨਹੀਂ ਚਾਹੀਦੀ) ਤਾਂ ਉਹ ਆਮ ਲੋਕਾਂ ਤੇ ਸਰਕਾਰੀ ਕਰਮਚਾਰੀਆਂ ਨੂੰ ਸਲਾਹ ਜ਼ਰੂਰ ਦੇਵੇ ਕਿ ਜਗਤ ਪਿਤਾ ਹਿੰਦ ਰਖਸ਼ਕ ਗੁਰੂ ਦਸਮ ਪਾਤਸ਼ਾਹ ਜੀ ਦੀ ਦਰਸਾਈ ਹੋਈ ਪੰਜ ਕਕਾਰੀ ਰਹਿਤ ਹਰ ਇਕ ਦੇਸ਼ ਵਾਸੀ ਨੂੰ ਦੇਸ਼ ਭਲਾਈ ਵਾਸਤੇ ਧਾਰਨ ਕਰਨੀ ਚਾਹੀਦੀ ਹੈ। ਜੇ ਸਰਕਾਰ ਇਹ ਵੀ ਨਹੀਂ ਕਰਨਾ ਚਾਹੁੰਦੀ ਤਾਂ ਸਾਰੇ ਫੌਜੀਆਂ

—ਬਾਕੀ ਦੇਖੋ ਸਫਾ 43—



www.AKJ.Org

# ਹੇਮ ਕੁੰਟ ਮਿਸ਼ਨ

ਭਾ: ਹਰਿਚਰਨ ਸਿੰਘ ਜੀ ਚੰਡੀਗੜ੍ਹ

ਰਹਿਣੀ ਰਹੈ ਸੋਈ ਸਿਖ ਮੇਰਾ
ਉਹ ਸਾਹਿਬ ਮੈਂ ਉਸ ਕਾ ਚੇਰਾ ।।
(ਸ੍ਰੀ ਮੁਖਵਾਕ ਪਾ: 10)

ਜਦ ਕਦੇ ਕਿਸ ਖਾਲਸਾ ਕਾਲਜ ਵਿਚ ਜਾਣ ਦਾ ਸਮਾਂ ਮਿਲਦਾ ਹੈ ਤਾਂ ਇਹ ਵੇਖਣ ਵਿਚ ਆਉਂਦਾ ਹੈ ਕਿ ਕੁਝ ਨੌਜਵਾਨ ਪ੍ਰੋਫੇਸ਼ਰਾਂ ਦੀਆਂ ਦੜ੍ਹੀਆਂ ਕਤਰੀਆਂ ਹੁੰਦੀਆਂ ਹਨ। ਕਾਲਜ ਦ ਵਿਦਿਆਰਥੀਆਂ ਦੀਆਂ ਦਾੜ੍ਹੀਆਂ ਤਾਂ 50% ਤੋਂ ਉਤੇ ਹੀ ਟ੍ਰਿਮ ਕੀਤੀਆਂ ਹੁੰਦੀਆਂ ਹਨ। ਇਸ ਤਰ੍ਹਾਂ ਹੀ ਦਫਤਰਾਂ ਵਿਚ. ਪੁਲੀਸ ਦੇ ਸਿਪਾਹੀਆਂ ਅਤੇ ਹੋਰ ਕਰਮਚਾਰੀਆਂ ਦਾ ਹਾਲ ਹੈ। ਜੇ ਕਿਸੇ ਬਸ ਵਿਚ ਸਫ਼ਰ ਕਰੋ ਤਾਂ ਪਿੰਡਾਂ ਵਿਚ ਰਹਿਣ ਵਾਲੇ ਨੌਜਵਾਨਾਂ ਦੀਆਂ ਦਾੜ੍ਹੀਆਂ ਅਤੇ ਕੇਸ ਸਾਬਤ ਵਿਖਾਈ ਨਹੀਂ ਦਿੰਦੇ ਜਿਸ ਤੋਂ ਹਰ ਇਕ ਰਹਿਣੀ ਵਾਲੇ ਸਿੱਖ ਨੂੰ ਬਹੁਤ ਦੁੱਖ ਪ੍ਰਤੀਤ ਹੁੰਦਾ ਹੈ। ਇਹਨਾਂ ਹਾਲਤਾਂ ਤੋਂ ਪ੍ਰਗਟ ਹੁੰਦਾ ਹੈ ਕਿ ਸਿੱਖ ਨੌਜਵਾਨ ਇਕ ਅਜਿਹੇ ਮੋੜ ਵਲ ਚਲੇ ਜਾ ਰਹੇ ਹਨ ਕਿ ਜੇ ਉਹਨਾਂ ਨੂੰ ਠੀਕ ਰਸਤੇ ਤੇ ਨਾ ਲਿਆਂਦਾ ਗਿਆ ਤਾਂ ਸਿੱਖ ਧਰਮ ਦਾ ਪੰਜਾਬ ਵਿਚ ਉਹੀ ਹਾਲ ਹੋ ਜਾਵੇਗਾ ਜਿਹੜਾ ਕਿ ਬੁੱਧ ਮਤ ਦਾ ਭਾਰਤ ਵਰਸ਼ ਵਿਚ ਹੋਇਆ ਹੈ, ਭਾਵ ਹੌਲੀ ਹੌਲੀ ਸਾਡੀ ਅਗਲੀ ਪੀੜ੍ਹੀ ਗੁਰਮਤਿ ਨੂੰ ਤਲਾਂਜਲੀ ਦੇ ਦੇਵੇਗੀ।

ਇਹ ਹਾਲ ਵੇਖ ਕੇ ਗੁਰਮੁਖ ਸੱਜਣ ਮਨ ਵਿਚ ਬੜਾ ਦੁੱਖ ਪ੍ਰਤੀਤ ਕਰਦੇ ਹਨ ਅਤੇ ਸੱਚੇ ਪਾਤਸ਼ਾਹ ਅਗੇ ਬੇਨਤੀ ਕਰਦੇ ਹਨ ਕਿ ਹੇ ਮਹਾਰਾਜ ਆਪਣੇ ਪੰਥ ਦੇ ਆਪ ਸਹਾਈ ਹੋਵੋ, ਦੈਵੀ ਸ਼ਕਤੀ ਰਾਹੀਂ ਇਸ ਦੀ ਆਪ ਰਹਿਨੁਮਾਈ ਕਰੋ ਅਤੇ ਇਸ ਮਨ ਮਤ ਤੋਂ ਸਿੱਖ ਨੌਜਵਾਨਾਂ ਨੂੰ ਹੱਥ ਦੇ ਕੇ ਬਚਾਉ।

ਚੰਡੀਗੜ੍ਹ ਦੇ ਇਕ ਗੁਰਮੁਖ ਸਜਣ ਜੀ ਨੇ ਇਹ ਹਾਲਾਤ ਵੇਖ ਕੇ ਆਪਣੇ ਮਨ ਦੇ ਭਾਵ, ਨੱਥੀ ਕੀਤੇ ਗਏ, ਲੇਖ ਵਿਚ ਪ੍ਰਗਟ ਕੀਤੇ ਹਨ ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਜੇ ਇਸ ਸਮੇਂ ਸਾਡੀ ਕੌਮ ਨੇ ਪ੍ਰਚਾਰ ਦਾ ਕੋਈ ਨਿਗਰ ਕੰਮ ਹਥ ਵਿਚ ਨਾ ਲਿਆ ਤਾਂ ਸਾਡੀ ਅਗਲੀ ਪਨੀਰੀ ਗੁਰਸਿੱਖੀ ਤੋਂ ਕੋਰੀ ਰਹਿ ਜਾਵੇਗੀ।

ਮਿਤੀ 7-11-1971 ਨੂੰ ਲਾਅ ਕਾਲਿਜ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪ੍ਰਕਾਸ਼ ਉਤਸ਼ਵ ਮਨਾਇਆ ਗਿਆ। ਕੀਰਤਨ ਉਪ੍ਰੰਤ ਕੇਵਲ ਦੋ ਚਾਰ ਸਜਣਾਂ ਨੇ ਹੀ ਮਿਲਕੇ ਇਹ ਗੁਰਮਤਾ ਕੀਤਾ ਕਿ 9 ਨਵੰਬਰ 1971 ਨੂੰ ਅੰਮ੍ਰਿਤ ਵੇਲੇ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਗੁਰਮਤ ਪ੍ਰਚਾਰ ਲਈ ਅਰਦਾਸ ਕੀਤੀ ਜਾਵੇ ਅਤੇ ਉਸ ਉਪ੍ਰੰਤ ਗੁਰਮੁਖਾਂ ਪਿਆਰਿਆਂ ਦਾ ਮੇਲ ਪ੍ਰਾਪਤ ਕਰਕੇ ਇਕ ਵਡੇ ਪੈਮਾਨੇ ਤੇ ਗੁਰਮਤਿ ਪ੍ਰਚਾਰ ਆਰੰਭ ਕੀਤਾ ਜਾਏ।

9 ਨਵੰਬਰ,1971 ਨੂੰ ਕੁਝ ਗੁਰਮੁਖ ਸੱਜਣ ਫੇਰ ਇਕ ਥਾਂ ਪ੍ਰੋਗਰਾਮ ਅਨੁਸਾਰ ਹਾਜ਼ਰ ਹੋਏ, ਪ੍ਰੇਮ ਸਹਿਤ ਜੋਟਿਆਂ ਦੇ ਸ਼ਬਦ ਗਾਇਨ ਕੀਤੇ ਗਏ ਅਤੇ ਉਸ ਉਪ੍ਰੰਤ ਸੱਚੇ ਪਾਤਸ਼ਾਹ ਦੇ ਚਰਨਾਂ



www.AKJ.Org

ਵਿਚ ਪ੍ਰਚਾਰ ਆਰੰਭ ਕਰਨ ਹਿਤ ਅਰਦਾਸ ਕੀਤੀ ਗਈ।

ਇਸ ਕਾਰਜ ਲਈ ਵਿਚਾਰ ਕੀਤੀ ਗਈ ਕਿ ਪਹਿਲਾਂ 20-25 ਪਿੰਡ ਚੁਣੇ ਜਾਣ ਜਿਨ੍ਹਾਂ ਵਿਚ ਇਕ ਢਾਡੀ ਜਥਾ, ਇਕ ਰਾਗੀ ਜਥਾ ਕੁਝ ਕਵੀ ਸਜਣਾਂ ਦੇ ਸਹਿਯੋਗ ਨਾਲ ਪ੍ਰਚਾਰ ਅਰੰਭ ਦਿਤਾ ਜਾਵੇ। ਇਹ ਪਰਚਾਰ, ਜਿਸ ਤਰ੍ਹਾਂ ਕਿ ਈਸਾਈ ਮਿਸ਼ਨਰੀਜ਼ (Christian Missioneries) ਦੂਜੇ ਦੇਸ਼ਾਂ ਵਿਚੋਂ ਆ ਕੇ ਕਰਦੇ ਹਨ, ਉਸ ਢੰਗ ਦਾ ਹੀ ਹੋਵੇ। ਨਗਰ ਨਿਵਾਸੀਆਂ ਦੀਆਂ ਜਿਹੜੀਆਂ ਤਕਲੀਫਾਂ ਹੋਣ ਉਹਨਾਂ ਨੂੰ ਬੜੇ ਪ੍ਰੇਮ ਅਤੇ ਦਰਦ ਨਾਲ ਦੂਰ ਕਰਨ ਦਾ ਯਤਨ ਕੀਤਾ ਜਾਏ। ਗਰੀਬ ਹੋਵੇ ਉਸ ਲਈ ਰੋਟੀ ਕਪੜੇ ਦਾ ਪ੍ਰਬੰਧ ਕੀਤਾ ਜਾਵੇ, ਜੋ ਰੋਗੀ ਹੋਵੇ ਉਸ ਨੂੰ ਮੁਫਤ ਦਵਾ ਦਾਰੂ ਦਿਤੀ ਜਾਵੇ। ਜੇ ਕਿਸੇ ਰੋਗੀ ਦਾ ਇਲਾਜ ਪਿੰਡ ਜਾਂ ਨੇੜੇ ਦੇ ਸ਼ਹਿਰ ਵਿਚ ਨਾ ਹੋ ਸਕੇ ਤਾਂ ਉਸ ਨੂੰ ਚੰਡੀਗੜ੍ਹ ਜਾਂ ਹੋਰ ਕਿਸੇ ਵੱਡੇ ਹਸਪਤਾਲ ਵਿਚ ਲਿਆਂਦਾ ਜਾਵੇ ਅਤੇ ਉਸ ਦਾ ਯੋਗ ਇਲਾਜ ਕਰਾਇਆ ਜਾਵੇ, ਪਿੰਡ ਵਾਸੀਆਂ ਦੀਆਂ ਹੋਰ ਜਿਹੜੀਆਂ ਤਕਲੀਫਾਂ ਮਿਲਵਰਤਣ ਨਾਲ ਦੂਰ ਕੀਤੀਆਂ ਜਾ ਸਕਣ, ਉਹ ਦੂਰ ਕੀਤੀਆਂ ਜਾਣ ਤੇ ਇਹ ਸੇਵਾ ਕਰਦਿਆਂ ਏਸ ਗਲ ਦਾ ਉਕਾ ਕੋਈ ਵਿਤਕਰਾ ਨਾ ਕੀਤਾ ਜਾਵੇ ਕਿ ਲੋੜਵੰਦ ਸਜਣ ਕਿਸ ਧਰਮ ਜਾਂ ਜਾਤੀ ਨਾਲ ਸਬੰਧ ਰਖਣ ਵਾਲਾ ਹੈ।

ਆਮ ਸਿਖਾਂ ਦਾ ਇਹ ਖਿਆਲ ਸੀ ਕਿ ਸਾਡੀ ਮੁਖ ਸੰਸਥਾ ਜਿਸ ਕੋਲ ਧਨ ਦੀ ਕੋਈ ਘਾਟ ਨਹੀਂ ਅਤੇ ਜਿਸ ਕੋਲ ਹਜ਼ਾਰਾਂ ਕਰਮਚਾਰੀ ਨੌਕਰ ਹਨ ਅਤੇ ਉਸ ਸੰਸਥਾ ਦੇ ਅਪਨਾਏ ਸਜਣਾਂ ਨੂੰ ਰਾਜਗੱਦੀ ਵੀ ਪ੍ਰਾਪਤ ਹੋ ਗਈ ਸੀ, ਗੁਰਮਤਿ ਪ੍ਰਚਾਰ ਲਈ ਆਪਣਾ ਤਾਣ ਲਾ ਦੇਵੇਗੀ ਪਰ ਅਫਸੋਸ ਹੈ ਕਿ ਉਹ ਆਪਣੇ ਹੋਰ ਰੁਝੇਵਿਆਂ ਵਿਚ ਉਲਝ ਕੇ ਕੋਈ ਠੋਸ ਕੰਮ ਗੁਰਮਤਿ ਪ੍ਰਚਾਰ ਲਈ ਨਹੀਂ ਕਰ ਸਕੀ। ਇਨ੍ਹਾਂ ਹਲਾਤ ਨੂੰ ਮੁਖ ਰਖਦੇ ਹੋਏ ਹਰ ਇਕ ਗੁਰਸਿੱਖ ਦਾ, ਗੁਰੂ ਦਾ ਕਾਰਜ ਸਮਝਦੇ ਹੋਏ, ਇਹ ਫ਼ਰਜ਼ ਬਣਦਾ ਹੈ ਕਿ ਉਹ ਤਨ ਮਨ ਧਨ ਨਾਲ ਗੁਰਮਤਿ ਪਰਚਾਰ ਦੀ ਸੇਵਾ ਵਿਚ ਭਾਗ ਲਵੇ।

ਉਪਰੋਕਤ ਇਕੱਤਰਤਾ ਵਿਚ ਇਸ ਪਰਚਾਰ ਹਿਤ ਹੇਠ ਲਿਖੀਆਂ ਚੀਜ਼ਾਂ ਦੀ ਲੋੜ ਅਤੀ ਜ਼ਰੂਰੀ ਸਮਝੀ ਗਈ :—

1. ਇਕ ਮਿਨੀ ਬਸ, ਜਿਸ ਵਿਚ ਲਾਊਡ-ਸਪੀਕਰ ਅਤੇ ਜੇਨਰੇਟਰ ਫਿੱਟ ਹੋਣ:

2. ਸ਼ਹੀਦਾਂ ਅਤੇ ਸਿੱਖ ਜੋਧਿਆਂ ਦੀਆਂ ਜੀਵਨ ਝਲਕੀਆਂ ਸਲਾਈਡਜ ਰਾਹੀਂ ਵਿਖਾਈਆਂ ਜਾਣ ਇਸ ਲਈ ਇਕ ਪ੍ਰਾਜੇਕਟਰ ਅਤੇ ਸਲਾਈਡਜ਼ ਅਤੇ ਸਬੰਧਤ ਕਮੈਂਟਰੀ (Commentary) ਦਾ ਪ੍ਰਬੰਧ ਕੀਤਾ ਜਾਵੇ:

3. ਇਕ ਢਾਡੀ ਜੱਥਾ ਰਖਿਆ ਜਾਵੇ ਜਿਹੜਾ ਕਿ ਰਹਿਤ ਮਰਯਾਦਾ ਵਿਚ ਪਰਪੱਕ ਹੋਵੇ। ਇਸ ਜਥੇ ਦੇ ਸਾਰੇ ਸਿੰਘਾਂ ਦੇ ਦਾੜ੍ਹੇ ਪ੍ਰਕਾਸ਼ਮਾਨ ਹੋਣ ਅਤੇ ਪੰਜ ਕਕਾਰ ਦੀ ਰਹਿਤ ਵਿਚ ਪੂਰੇ ਹੋਣ:

4. ਇਸੇ ਤਰ੍ਹਾਂ ਹੀ ਇਕ ਕਵੀ ਰਖਿਆ ਜਾਵੇ ਜਿਹੜਾ ਕਿ ਪਿੰਡਾਂ ਵਿਚ ਸ਼ਹੀਦ ਸਿੰਘਾਂ, ਜੋਧਿਆਂ ਅਤੇ ਗੁਰੂ ਸਹਿਬਾਨ ਦੀਆਂ ਜੀਵਨੀਆਂ ਸਬੰਧੀ ਕਵਿਤਾਵਾਂ ਚੰਗੇ ਸੁਚੱਜੇ ਅਤੇ ਪੁਰਅਸਰ ਢੰਗ ਨਾਲ ਸੁਣਾ ਸਕੇ:



www.AKJ.Org

5. ਪੰਜਾਬੀ ਦੀ ਇਕ ਟਾਈਪਰਾਈਟਰ,
6. ਰੋਗੀਆਂ ਦੇ ਇਲਾਜ ਲਈ ਦਵਾਈਆਂ:
7. ਇਕ ਸ਼ਮਯਾਨਾ ਦਰੀਆਂ ਅਤੇ ਕਨਾਤਾਂ ਆਦਿ ਆਦਿ।

ਅਜਿਹੇ ਕਾਰਜ ਲਈ ਮਾਇਆ ਦੀ ਬਹੁਤ ਲੋੜ ਹੁੰਦੀ ਹੈ। ਬਦੇਸ਼ੀ ਮਿਸ਼ਨਰੀ ਆਪਣੇ ਮੱਤ ਦਾ ਪਰਚਾਰ ਕੇਵਲ ਧਨ ਦੇ ਜ਼ੋਰ ਨਾਲ ਹੀ ਸਾਡੇ ਦੇਸ਼ ਵਿਚ ਕਰਦੇ ਹਨ। ਇਕੱਤਰਤਾ ਵਿਚ ਜੋ ਸਜਣ ਹਾਜ਼ਰ ਸਨ ਉਨ੍ਹਾਂ ਨੇ ਇਸ ਕਾਰਜ ਹਿਤ ਨਕਦ ਮਾਇਆ ਉਸੇ ਵੇਲੇ ਅਰਦਾਸ ਕਰ ਵਾਈ ਤੇ ਕੁਝ ਸਜਣਾਂ ਨੇ ਹਰ ਮਹੀਨੇ ਵੀ ਏਸ ਕਾਰਜ ਲਈ ਮਾਇਕ ਸਹਾਇਤਾ ਦਾ ਇਕਰਾਰ ਕੀਤਾ।

ਜਿਹੜੇ ਗੁਰਮੁਖ ਸਜਣ ਰੀਟਾਇਰ ਹੋ ਚੁਕੇ ਹਨ ਅਤੇ ਉਨ੍ਹਾਂ ਨੂੰ ਗੁਰਮਤਿ ਪ੍ਰਚਾਰ ਦਾ ਸ਼ੌਕ ਹੈ ਉਹ ਇਸ ਕਾਰਜ ਵਿਚ ਹਥ ਵਟਾ ਸਕਦੇ ਹਨ। ਢਾਡੀਆਂ ਅਤੇ ਕਵੀਆਂ ਤੋਂ ਇਲਾ-ਵਾ ਸਾਨੂੰ

(ੳ) ਪੰਜ ਤਿਆਰ-ਬਰ-ਤਿਆਰ ਗੁਰਮੁਖ (ਪਿਆਰਿਆਂ ਦੀ ਸੇਵਾ ਕਰਨ ਵਾਲੇ)
(ਅ) ਇਕ ਕੀਰਤਨੀ ਜਥਾ:
(ੲ) ਪੰਜ ਪਾਠੀ ਸਿੰਘ:
(ਸ) ਰੀਟਾਇਰ ਹੋਏ ਡਾਕਟਰ ਸਾਹਿਬ ਆਦਿ ਦੀ ਵੀ ਲੋੜ ਹੈ।

ਸਾਡਾ ਪਰਚਾਰ ਦਾ ਪਹਿਲਾ ਖੇਤਰ ਪਿੰਡ ਕਾਲਜ ਅਤੇ ਸਕੂਲ ਹੋਣਗੇ। ਜਿਹੜੇ ਗੁਰਮੁਖ ਇਸ ਕਾਰਜ ਲਈ ਆਪਣੀ ਕੀਮਤੀ ਰਾਇ, ਤਜਵੀਜ਼ਾਂ ਭੇਜਣਗੇ ਉਨ੍ਹਾਂ ਦਾ, ਇਹ ਪਰਚਾਰ ਮਿਸ਼ਨ ਦਿਲੋਂ ਅਤੀ ਧੰਨਵਾਦੀ ਹੋਵੇਗਾ।

ਏਸ ਜਥੇਬੰਦੀ ਦਾ ਨਾਮ ਹੇਮਕੁੰਟ ਮਿਸ਼ਨ ਰਖਿਆ ਗਿਆ ਹੈ, ਏਸ ਮਿਸ਼ਨ ਦੇ ਹੇਠ ਲਿਖੇ ਸਤਿਕਾਰ ਯੋਗ ਸਰਪ੍ਰਸਤਾਂ ਦੇ ਨਾਮ :

1. ਸੰਤ ਈਸ਼ਰ ਸਿੰਘ ਜੀ, ਕਰਮਸਰ, ਰਾੜੇਵਾਲੇ।
2. ਸੰਤ ਗੁਰਮੁਖ ਸਿੰਘ ਜੀ ਪਟਿਆਲਾ।
3. ਸੰਤ ਨਿਸਚਲ ਸਿੰਘ ਜੀ, ਸੰਤਪੁਰਾ, ਜਗਾਧਰੀ।
4. ਸੰਤ ਮਹਿੰਦਰ ਸਿੰਘ ਜੀ ਸੰਤਗੜ, ਹਰਖੋਵਾਲ।
5. ਭਾ: ਸਾਹਿਬ ਭਾਈ ਅਰੀਦਮਨ ਸਿੰਘ ਜੀ ਬਾਗੜੀਆਂ।
6. ਸੰਤ ਕਰਤਾਰ ਸਿੰਘ ਜੀ ਕਮਾਲੀਏ ਵਾਲੇ, ਹਾਲ ਪਟਿਆਲਾ।
7. ਲੈਫਟੀਨੈਂਟ ਕਰਨਲ ਸ: ਜੋਗਿੰਦਰ ਸਿੰਘ ਜੀ ਮਾਨ, ਸਾਬਕ ਸਪੀਕਰ ਪੰਜਾਬ।
8. ਸ: ਸ਼ਮਸ਼ੇਰ ਸਿੰਘ ਜੀ ਕਾਹਨਪੁਰ।
9. ਸ: ਦਲਜੀਤ ਸਿੰਘ ਜੀ, ਕੋਕਾ ਕੋਲਾ ਦਿਲੀ।
10. ਸ: ਸਤਬੀਰ ਸਿੰਘ ਜੀ, ਡਾਇਰੈਕਟਰ ਗੁਰਮਤਿ ਕਾਲਜ, ਪਟਿਆਲਾ।
11. ਸ: ਜਤਿੰਦਰਾ ਸਿੰਘ ਜੀ ਰੀਟਾਇਰਡ ਚੀਫ ਇਨਜਨੀਅਰ (ਪ੍ਰਿੰਸੀਪਲ ਗੁਰੂ ਨਾਨਕ ਇੰਜਨੀਅਰਿੰਗ ਕਾਲਜ, ਲੁਧਿਆਣਾ)

ਬਹੁਤ ਸਾਰੇ ਹੋਰ ਸੰਤਾਂ ਅਤੇ ਗੁਰਮੁਖਾਂ ਦੀਆਂ ਪਰਵਾਨਗੀਆਂ ਆ ਰਹੀਆਂ ਹਨ।


www.AKJ.Org

## ਹਾਲਤ ਕੀ ਹੈ ?

ਗੁਰੂ ਦਸਮ ਪਾਦਸ਼ਾਹ ਜੀ ਦੇ ਸਮੇਂ ਕੇਵਲ 40 ਸਿੰਘਾਂ ਨੇ ਗੁਰੂ ਸਾਹਿਬ ਨੂੰ ਬਿਦਾਵਾ ਦਿਤਾ ਤਾਂ ਸਾਰੇ ਪੰਜਾਬ ਤਥਾ ਪੰਥ ਵਿਚ ਹਾਹਾਕਾਰ ਮਚ ਗਈ। ਲੋਕ ਰਾਇ ਉਹਨਾਂ ਬਿਦਾਵੀਆਂ ਦੇ ਵਿਰੁੱਧ ਇਤਨੀ ਜ਼ਬਰਦਸਤ ਹੋ ਗਈ ਕਿ ਉਹਨਾਂ ਨੂੰ ਤੁਰਤ ਹੀ ਆਪਣੀ ਭੁੱਲ ਦਾ ਪਛਤਾ-ਵਾ ਹੋਇਆ ਅਤੇ ਫਿਰ ਉਹ ਗੁਰੂ ਦੀ ਸਿੱਖੀ ਤੋਂ ਜਾਨਾਂ ਕੁਰਬਾਨ ਕਰਨ ਲਈ ਤਿਆਰ ਹੋ ਗਏ। ਇਸ ਤਰ੍ਹਾਂ ਟੁੱਟੀ ਦਿਨਾਂ ਵਿਚ ਗੰਢ ਲਈ।

ਅੱਜ ਕਲ੍ਹ ਕਈ ਸੈਂਕੜੇ ਤੇ ਹਜ਼ਾਰਾਂ ਸਿੰਘ ਰੋਜ਼ ਗੁਰੂ ਦੀ ਸਿੱਖੀ ਨੂੰ ਬੇਦਾਵਾ ਦੇ ਰਹੇ ਹਨ ਪਰ ਉਹਨਾਂ ਦੇ ਵਿਰੁੱਧ ਲੋਕ ਰਾਏ ਬਨਾਉਣ ਅਤੇ ਜਥੇਬੰਦ ਕਰਨ ਦਾ ਕੋਈ ਉਪਰਾਲਾ ਨਹੀਂ ਹੋ ਰਿਹਾ, ਨਾ ਕੋਈ ਹੋਰ ਹੀ ਜਤਨ ਹੋ ਰਿਹਾ ਹੈ। ਜੇ ਹਾਲਤ ਇਸ ਪ੍ਰਕਾਰ ਹੀ ਰਹੀ ਤਾਂ ਉਹ ਦਿਨ ਦੂਰ ਨਹੀਂ ਜਦੋਂ ਕਿ ਪੰਥ ਵਿਚ ਬਹੁ ਗਿਣਤੀ ਪਤਤਾਂ ਦੀ ਹੋ ਜਾਵੇ ਅਤੇ ਉਹ ਬਹੁਗਿਣਤੀ ਦੇ ਜ਼ੋਰ ਨਾਲ ਗੁਰਸਿੱਖੀ ਦੀ ਰਹਿਤ ਮਰਯਾਦਾ ਸਬੰਧੀ ਜੋ ਚਾਹੁਣ ਫੈਸਲੇ ਕਰ ਦੇਣ।

ਸੋ ਪਹਿਲਾਂ ਇਸ ਦੇ ਕਿ ਹਾਲਾਤ ਕਾਬੂ ਤੋਂ ਬਾਹਰ ਹੋ ਜਾਣ ਤੇ ਸਿਸਕੀਆਂ ਲੈ ਰਹੀ ਰਹਿੰਦੀ ਖੂੰਹਦੀ ਸਿੱਖੀ ਭਾਵਨਾ ਵੀ ਦਮ ਤੋੜ ਜਾਵੇ, ਕੁਝ ਕਰਨ ਦੀ ਲੋੜ ਹੈ। ਸਮਾਂ ਹੁਣ ਇਹ ਆਗਿਆ ਨਹੀਂ ਦਿੰਦਾ ਕਿ ਇਹ ਸੋਚਿਆ ਜਾਵੇ ਜਾਂ ਉਡੀਕਿਆ ਜਾਵੇ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਚੀਫ ਖਾਲਸਾ ਦੀਵਾਨ, ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ ਜਾਂ ਗੁਰੂ ਨਾਨਕ ਫਾਊਂਡੇਸ਼ਨ ਆਦਿ ਇਸ ਸਬੰਧ ਵਿਚ ਕੁਝ ਕਰਦੀ ਹੈ ਜਾਂ ਨਹੀਂ।

ਮੇਰੇ ਖ਼ਿਆਲ ਵਿਚ ਗੁਰੂ ਘਰ ਦੇ ਕੂਕਰਾਂ ਅਤੇ ਸੇਵਕਾਂ ਨੂੰ ਵਾਹਿਗੁਰੂ ਅਕਾਲ ਪੁਰਖ ਦੀ ਓਟ ਲੈ ਕੇ ਅਤੇ ਦਸਮ ਪਾਤਸ਼ਾਹ, ਸ੍ਰੀ ਕਲਗੀਧਰ ਜੀ, ਦੇ ਪਾਵਨ ਚਰਨਾਂ ਵਿਚ ਅਰਦਾਸ ਕਰਕੇ

---

(ਸਫ਼ਾ 39 ਦੀ ਬਾਕੀ)

ਵਾਸਤੇ ਤਾਂ ਪੰਜ ਕਕਾਰੀ ਰਹਿਤ ਲਾਜ਼ਮੀ ਕਰਾਰ ਦਿਤੀ ਜਾਵੇ ਅਤੇ ਵਰਦੀ (uniform) ਦਾ ਹਿਸਾ ਮੁਕੱਰਰ ਕਰ ਦਿਤਾ ਜਾਵੇ, ਪਰ ਜੇ ਕਿਸੇ ਝੂਠ ਤੌਰ ਤੇ ਮੰਨੇ ਹੋਏ ਅੰਦੇਸ਼ੇ ਤੇ ਸੰਸੇ ਨੂੰ ਮੁਖ ਰਖਕੇ ਇਹ ਵੀ ਨਹੀਂ ਹੋ ਸਕਦਾ ਤਾਂ ਸਿਖ ਫੌਜੀ ਜਵਾਨਾਂ ਵਾਸਤੇ ਤਾਂ ਇਹ ਪੰਜ ਕਕਾਰੀ ਰਹਿਤ ਰਖਣੀ ਜ਼ਰੂਰ ਲਾਜ਼ਮੀ ਕਰ ਦਿਤੀ ਜਾਵੇ ਤਾਂ ਕਿ ਉਹ ਆਪਣੇ ਗੁਰ ਤੇ ਪੂਰਾ ਭਰੋਸਾ ਰਖਣ ਲਗ ਪੈਣ ਤੇ ਅਗੇ ਨਾਲੋਂ ਜਿਆਦਾ ਬੜ੍ਹ ਚੜ੍ਹਕੇ ਦੇਸ਼ ਸੇਵਾ ਤੇ ਮੁਲਕ ਦੀ ਰਾਖੀ ਲਈ ਤਿਆਰ ਬਰਤਿਆਰ ਰਹਿਣ ਅਤੇ ਜੋ ਸਾਡੇ ਦੇਸ਼ ਵਲ ਬੁਰੀ ਤੇ ਕੈਰੀ ਅਖ ਨਾਲ ਦੇਖੇ ਉਹਦੀ ਅਖ ਕਢਣ ਤੇ ਜੋ ਬਦਨੀਅਤੀ ਨਾਲ ਉਂਗਲ ਦਾ ਇਸ਼ਾਰਾ ਕਰੇ ਉਸਦੀ ਉਂਗਲ ਹੀ ਨਹੀਂ ਸਗੋਂ ਉਹਦਾ ਹਥ ਹੀ ਕਟ ਦੇਣ। ਇਹ ਪੋਸ਼ਾਕ ਤੇ ਚਿੰਨ੍ਹ ਸ੍ਰੀ ਦਸ਼ਮੇਸ਼ ਪਿਤਾ ਜੀ ਨੇ ਦੇਸ਼ ਦੀ ਰਖਿਆ ਲਈ ਹਰ ਉਚ ਨੀਚ ਨੂੰ ਧਾਰਨ ਕਰਾਏ ਸਨ ਤੇ ਪੂਰੀ ਪੂਰੀ ਸਫਲਤਾ ਪ੍ਰਾਪਤ ਕੀਤੀ ਸੀ. ਹੁਣ ਇਹਨਾਂ ਦੀ ਸਦਾ ਵਾਂਗ ਫੇਰ ਲੋੜ ਹੈ। ਢੇਂਦੀਆਂ ਕਲਾਂ ਵਲ ਲੈ ਜਾਣ ਵਾਲੇ ਸਾਰੇ ਪ੍ਰੋਗਰਾਮ ਛਡਕੇ ਦੇਸ ਨੂੰ ਚੜ੍ਹਦੀਆਂ ਕਲਾਂ ਵਲ ਲੈ ਜਾਣ ਵਾਲੇ ਉੱਚੇ, ਸੁੱਚੇ ਤੇ ਸੁਚੱਜੇ ਪ੍ਰੋਗਰਾਮਾਂ ਵਲ ਲੈ ਜਾਣਾ ਚਾਹੀਦਾ ਹੈ। ਕੈਸਾ ਅਛਾ ਹੋਵੇ ਕਿ ਸਰਕਾਰ ਗੁਰੂ ਦਸਮ ਪਾਤਸ਼ਾਹ ਦੇ ਆਉਂਦੇ ਗੁਰਪੁਰਬ ਤੇ ਇਹ ਐਲਾਨ ਕਰ ਦੇਵੇ। ——



www.AKJ.Org

ਇਸ ਪਵਿੱਤਰ ਕਾਰਜ ਵਿਚ ਤਨ ਮਨ ਧਨ ਅਰ ਪਣ ਕਰਕੇ ਤੁਰਤ ਹੀ ਜੁਟ ਜਾਣਾ ਚਾਹੀਦਾ ਹੈ।

**ਕਸੂਰ ਕਿਸਦਾ ਹੈ ?**

ਦਸਮ ਪਾਤਸ਼ਾਹ ਦੇ ਬੇਦਾਵੀਆਂ ਨੂੰ ਲੋਕਾਂ ਦੀਆਂ, ਰਿਸ਼ਤੇਦਾਰਾਂ ਅਤੇ ਘਰ ਦੀਆਂ ਫਿਟਕਾਰਾਂ ਨੇ ਉਹਨਾਂ ਦੀ ਭੁੱਲ ਦਾ ਅਹਿਸਾਸ ਕਰਵਾ ਦਿਤਾ ਸੀ ਅਤੇ ਮੋਰਚਾ ਫ਼ਤਿਹ ਹੋ ਗਿਆ ਸੀ ਪਰ ਹੁਣ ਉਹ ਹਥਿਆਰ ਨਹਾਂ ਚਲ ਸਕਦਾ ਨਾਲੇ ਉਹ ਹਥਿਆਰ ਹੁਣ ਵਰਤਣ ਲਈ ਸਿੱਖ ਪਬਲਿਕ, ਸ਼ਾਇਦ ਹੱਕ ਬਜਾਨਬ ਵੀ ਨਾ ਹੋਵੇ ਕਿਉਂਕਿ ਜੋ ਅੱਜ ਕਲ੍ਹ ਦੇ ਨਜਵਾਨਾਂ ਵਿਚ ਅਤੇ ਨਵੀਂ ਪਨੀਰੀ ਵਿਚ ਸਿੱਖੀ ਵਲੋਂ ਢਿਲ ਆ ਰਹੀ ਹੈ, ਉਸ ਵਿਚ ਇਤਨਾਂ ਉਹਨਾਂ ਨੌਜਵਾਨਾਂ ਦਾ ਕਸੂਰ ਨਹੀਂ ਜਿੰਨਾ ਉਹਨਾਂ ਦੇ ਮਾਪਿਆਂ ਦਾ ਅਤੇ ਵਡੇ ਵਡੇਰਿਆਂ ਦਾ ਹੈ।

ਪਿਛਲੇ 20-25 ਸਾਲਾਂ ਤੋਂ ਸਿੱਖ ਨੌਜਵਾਨ ਅਤੇ ਬਚਿਆਂ ਨੂੰ ਸਿੱਖੀ ਇਤਿਹਾਸ ਅਤੇ ਸਿੱਖੀ ਮਰਯਾਦਾ ਸਬੰਧੀ ਜਾਨਕਾਰੀ ਦੇਣ ਦਾ ਕੋਈ ਠੋਸ ਉਪਰਾਲਾ ਨਹੀਂ ਹੋਇਆ। ਸਾਡੇ ਘਰਾਂ ਦਾ ਵੀ ਵਾਤਾਵਰਣ ਐਸਾ ਹੀ ਹੋ ਗਿਆ ਹੈ ਕਿ ਬੱਚੇ ਬੱਚੀਆਂ ਨੂੰ ਜਨਮ ਤੋਂ ਲੈ ਕੇ ਵੀਹ ਪੰਜੀ ਸਾਲਾਂ ਤਕ ਸਿੱਖੀ ਸਬੰਧੀ ਕੋਈ ਜਾਣਕਾਰੀ ਅਤੇ ਪ੍ਰੇਰਨਾ ਨਹੀਂ ਮਿਲਦੀ। ਇਸ ਦੇ ਉਲਟ ਨੌਜਵਾਨਾਂ ਅਤੇ ਬੱਚੇ ਬੱਚੀਆਂ ਦੀਆਂ ਸੋਹਲ, ਸਵੱਛ ਅਤੇ ਨਿਰਮਲ ਆਤਮਾਵਾਂ ਉਤੇ ਮੁਕੰਮਲ ਗ਼ਲਬਾ ਸਿਨਮਾ ਪਿਕਚਰਾਂ ਦਾ ਕਲਚਰਲ ਪ੍ਰੋਗਰਾਮਾਂ ਦਾ, ਰੇਡਿਓ ਗਾਣਿਆਂ ਦਾ ਅਤੇ ਗੰਦੇ ਲਿਟਰੇਚਰ ਦਾ ਹੁੰਦਾ ਹੈ। ਸੋ ਸਿੱਖ ਬੱਚਿਆਂ ਦੀ ਅਤੇ ਨੌਜਵਾਨਾਂ ਦੀ ਸਿੱਖੀ ਵਲੋਂ ਬਰੁਖੀ ਅਤੇ ਅਰੁਚੀ ਦਾ ਕਾਰਨ ਇਹੋ ਹੀ ਹੈ ਕਿ ਉਹਨਾਂ ਨੂੰ ਪਤਾ ਹੀ ਨਹੀਂ ਕਿ ਸਿੱਖੀ ਕੀ ਚੀਜ਼ ਹੈ। ਅਜ ਦੇ ਨੌਜਵਾਨਾਂ ਨੇ ਭਵਿਖ ਵਿਚ ਬਜ਼ੁਰਗ ਬਨਣਾ ਹੈ ਅਤੇ ਜੇ ਇਹਨਾਂ ਨੂੰ ਸਿੱਖੀ ਬਾਰੇ ਜਾਣਕਾਰੀ ਨਹੀਂ ਅਤੇ ਇਸ ਦੀ ਮਹਿਮਾ ਦਾ ਗਿਆਨ ਨਹੀਂ ਤਾਂ ਇਹ ਆਪਣੇ ਬੱਚਿਆਂ ਨੂੰ ਕੀ ਸਿਖਿਆ ਦੇ ਸਕਣਗੇ। ਇਸ ਲਈ ਸਿੱਖ ਨੌਜਵਾਨ ਜਿਹੜੇ ਸਿੱਖੀ ਤੋਂ ਦੂਰ ਜਾ ਰਹੇ ਹਨ ਉਹਨਾਂ ਨਾਲ ਹਮਦਰਦੀ, ਪਿਆਰ ਅਤੇ ਤਰਸ ਭਾਵਨਾ ਦੀ ਲੋੜ ਹੈ ਅਤੇ ਇਸ ਭਾਵਨਾ ਨਾਲ ਹੀ ਕੰਮ ਆਰੰਭ ਹੋਣਾ ਚਾਹੀਦਾ ਹੈ ਨਾ ਕਿ ਨਫਰਤ, ਗਿਲਾਨੀ, ਕੁੜੱਤਣ ਜਾਂ ਸਖਤੀ ਨਾਲ।

**ਸਿੱਖੀ ਕੀ ਹੈ ?**

ਸਿੱਖ ਧਰਮ ਕਿਸੇ ਕਰਮ ਕਾਂਡ ਜਾਂ ਤਪ ਸਾਧਨਾ ਦਾ ਨਾਉਂ ਨਹੀਂ ਹੈ, ਨਾ ਇਹ ਗ੍ਰਿਹਸਤ ਤਿਆਗ ਜਾਂ ਸਨਯਾਸ ਧਾਰਨ ਦੀ ਹੀ ਪ੍ਰੇਰਨਾ ਦਿੰਦਾ ਹੈ ਸਿੱਖੀ ਤਾਂ ਇਕ ਸੁਚੱਜੇ ਜੀਵਨ ਦੀ ਜਾਚ ਦਾ ਨਾਉਂ ਹੈ। ਫੇਰ ਇਹ ਧਰਮ ਨਿਰਾ ਸ਼ਖਸ਼ੀ ਧਰਮ ਨਹੀਂ ਹੈ, ਇਹ ਤਾਂ ਜਥੇਬੰਦ ਧਰਮ ਹੈ, ਲੋਕ-ਭਲਾਈ ਦਾ ਧਰਮ ਹੈ, ਨਾਮ ਜਪਣਾ, ਧਰਮ ਦੀ ਕਿਰਤ ਕਰਨੀ ਅਤੇ ਵੰਡ ਛਕਣਾ ਇਸ ਦੇ ਤਿੰਨੇ ਮੁਢਲੇ ਸੁਨਹਿਰੀ ਅਸੂਲ ਹਨ। ਦੀਨ ਦੁਖੀ ਅਤੇ ਲੋੜਵੰਦ ਦਾ ਦਰਦ ਵੰਡਣਾ। ਸਿਖੀ ਦਾ ਇਕ ਹੋਰ ਜ਼ਰੂਰੀ ਅੰਗ ਹੈ—

'ਭੈ ਕਾਹੂ ਕੋ ਦੇਤ ਨਹਿ ਨਹਿ ਭੈ ਮਾਨਤ ਆਨ' ਇਹ ਸੁਨਹਿਰੀ ਅਸੂਲ ਵੀ ਸਿਖੀ ਮਾਰਗ ਤੇ ਚਲਣ ਵਾਲੇ ਦਾ ਨਿਸ਼ਾਨਾ ਹੈ। ਜਾਬਰ ਅਤੇ ਜ਼ੁਲਮ ਅਗੇ ਮਜ਼ਲੂਮਾਂ ਲਈ ਢਾਲ ਬਨਣਾ। ਸਮਾਂ ਆ ਜਾਵੇ ਤਾਂ—

ਜਬ ਆਵ ਕੀ ਅਉਧ ਨਿਦਾਨ ਬਣੇ ਅਤ



www.AKJ.Org

ਹੀ ਰਣ ਮੈਂ ਤਬ ਜੂਝ ਮਰੋਂ" ।

ਨਾਲੇ

'ਪੁਰਜਾ ਪੁਰਜਾ ਕਟ ਮਰੈ ਕਬਹੂ ਨਾ ਛਾਡੈ ਖੇਤਿ ॥'

ਤਥਾ

'ਸੰਤਾਂ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ'

ਇਹਨਾਂ ਪਵਿਤਰ ਬਚਨਾਂ ਤੇ ਪਹਿਰਾ ਦੇਣਾ ਵੀ ਸਿਖੀ ਦੇ ਧਾਰਨੀ ਲਈ ਅਤੀ ਜ਼ਰੂਰੀ ਹੈ। ਏਸੇ ਤਰ੍ਹਾਂ ਅ ਰਥਕ ਵਰਤੋਂ ਵਿਹਾਰ ਵਿਚ—ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ' ਦਾ ਉਚਾ ਸੁਚਾ ਆਦਰਸ਼, ਨਿਸ਼ਾਨਾ ਮੁਖ ਰਖਣਾ ਵੀ ਜ਼ਰੂਰੀ ਹੈ । ਇਸ ਪਰਕਾਰ ਦੇ ਅਮਲੀ ਜੀਵਨ ਵਾਲੇ ਆਦਰਸ਼ਕ ਇਨਸਾਨ ਦਾ ਤਸਵਰ ਦਸਮ ਪਾਤਸ਼ਾਹ ਜੀ ਦੇ ਧਿਆਨ ਵਿਚ ਆਇਆ ਤਾਂ ਦੂਜਾ ਸਵਾਲ ਇਹ ਸੀ ਕਿ ਅਜਿਹੇ ਇਨਸਾਨ ਦੀ ਸ਼ਕਲ, ਸੂਰਤ, ਰਹਿਤ—ਬਹਿਤ ਅਤੇ ਡੀਲ ਡੌਲ ਕਿਹੋ ਜਿਹੀ ਹੋਵੇ। ਸੋ ਉਹ ਵੀ ਸ੍ਰੀ ਦਸਮੇਸ਼ ਪਿਤਾ ਜੀ ਨੇ ਅਕਾਲ ਪੁਰਖ ਦੀ ਪ੍ਰੇਰਨਾ ਨਾਲ ਅੰਤਰ ਆਤਮੇ ਤਹਿ ਕਰ ਲਈ ਤਾਂ ਸੰਨ 169 (ਬਿਕ੍ਰਮੀ 1756) ਦੀ ਵਿਸਾਖੀ ਵਾਲੇ ਦਿਹਾੜੇ ਭਾਰੀ ਸਜੇ ਦੀਵਾਨ ਵਿਚ ਇਕ ਮਹਾਨ ਕਰੜੀ ਪ੍ਰੀਖਿਆ ਲੈਣ ਦੇ ਬਾਅਦ ਉਸ ਆਦਰਸ਼ਕ ਇਨਸਾਨ ਦਾ ਰੂਪ ਪੰਜਾਂ ਪਿਆ-ਰਿਆਂ ਰਾਹੀਂ ਖਾਲਸੇ ਦੇ ਰੂਪ ਵਿਚ ਸੰਸਾਰ ਦੇ ਸਾਹਮਣੇ ਪ੍ਰਗਟ ਕਰ ਦਿਤਾ।

ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਜਿਸ ਵਿਅਕਤੀ ਨੇ ਉਪਰੋਕਤ ਗੁਣਾਂ ਵਾਲਾ ਜੀਵਨ ਅਪਨਾਉਣਾ ਹੈ ਉਸ ਲਈ ਜ਼ਰੂਰੀ ਹੋਵੇਗਾ ਕਿ ਉਹ ਸਾਬਤ ਸੂਰਤ ਰਹੇ ਅਤੇ ਹੋਰ ਦਸੀ ਹੋਈ ਰਹਿਤ ਮਰਯਾਦਾ ਦਾ ਪਾਬੰਦ ਰਹੇ। ਹਿੰਦੁਸਤਾਨ ਦੇ ਕੋਨੇ ਕੋਨੇ ਤੋਂ ਆਏ ਹੋਏ ਲੋਕਾਂ ਨੇ ਇਸ ਹੁਕਮ ਅਗੇ ਸੀਸ ਝੁਕਾਇਆ ਅਤੇ ਆਪਣਾ ਤਨ ਮਨ ਧਨ ਗੁਰੂ ਅਰਪਣ ਕਰਕੇ ਸਿਖੀ ਪ੍ਰਾਪਤ ਕੀਤੀ। ਸ੍ਰੀ ਗੁਰੂ ਕਲਗੀਧਰ ਜੀ ਨੇ ਨਵੇਂ ਸਜੇ ਸਿੰਘਾਂ ਪ੍ਰਤੀ ਕਿਹਾ ਕਿ ਤੁਹਾਡੀ ਸ਼ਕਲ ਸੂਰਤ, ਉਚਾ ਆਚਰਣ ਅਤੇ ਬੇਮਿਸਾਲ ਬਹਾਦਰੀ ਵੇਖ ਕੇ ਤੁਹਾਨੂੰ ਲੋਕ 'ਨਿਆਰਾ' ਕਹਿਣਗੇ ਪਰ ਯਾਦ ਰਖਣਾ ਕਿ ਤੁਹਾਡੇ ਇਸ 'ਨਿਆਰੇਪਨ" ਅਗੇ ਹੀ ਮੈਂ ਆਪਣਾ ਸਭ ਕੁਝ ਅਰਪਣ ਕਰਾਂਗਾ। ਨਾ ਕੇਵਲ ਇਤਨਾ ਹੀ ਫੁਰਮਾਇਆ ਸਗੋਂ ਇਹ ਵੀ ਕਿਹਾ ਕਿ ਅਸਲ ਵਿਚ ਤਾਂ ਤੁਹਾਡੀ ਅਤੇ ਮੇਰੀ ਸਾਂਝ ਹੀ ਕੇਵਲ ਇਸ "ਨਿਆਰੇਪਨ" ਦੀ ਹੈ। ਜਦ ਤੁਸੀਂ ਇਸ ਨਿਆਰੇਪਨ ਨੂੰ ਛਡ ਦਿਤਾ ਤਾਂ ਮੇਰਾ ਭਰੋਸਾ ਤੁਹਾਡੇ ਉਤੋਂ ਉਠ ਜਾਵੇਗਾ ਹੁਕਮ ਕੀਤਾ—

'ਜਬ ਲਗ ਰਹੈ ਖਾਲਸਾ ਨਿਆਰਾ ।
ਤਬ ਲਗ ਤੇਜ ਦੀਓ ਮੈ ਸਾਰਾ ।
ਜਬ ਇਹ ਗਹੈ ਬਿਪ੍ਰਨ ਕੀ ਰੀਤਿ ।
ਮੈ ਨਾ ਕਰੋਂ ਇਨ੍ਹ ਕੀ ਪ੍ਰਤੀਤ ।'

ਇਹਨ੍ਹਾਂ ਤਾੜਨਾ ਭਰੇ ਬਚਨਾਂ ਦੇ ਨਾਲ ਹੀ ਉਸ ਜਮਹੂਰੀਅਤ ਦੇ ਸ਼ਹਿਨਸ਼ਾਹ ਨੇ ਫੁਰਮਾਇਆ ਕਿ ਜੇ ਤੁਸੀਂ ਮੇਰੀ ਇਸ ਦਸੀ ਹੋਈ ਰਹਿਤ ਮਰਯਾਦਾ ਵਿਚ ਪ੍ਰਪਕ ਰਹੋਗੇ ਤਾਂ ਫਿਰ ਮੈਨੂੰ ਆਪਣਾ ਗੁਰ ਨਹੀਂ ਸਗੋਂ ਆਪਣਾ ਸੇਵਕ ਅਤੇ ਦਾਸ ਹੀ ਜਾਣਿਓ—



www.AKJ.Org

'ਰਹਿਣੀ ਰਹੇ ਸੋਈ ਸਿਖ ਮੇਰਾ ।
ਓਹ ਸਾਹਿਬ ਮੈ ਉਸ ਕਾ ਚੇਰਾ ।

**ਸਰਬਤ ਦਾ ਭਲਾ**

ਜਦ ਦਸਮ ਪਾਤਸ਼ਾਹ ਨੇ ਇਸ ਤਰ੍ਹਾਂ ਦਾ ਖਾਲਸਾ ਸਾਜ ਕੇ ਲੋਕ ਸੇਵਾ ਦੇ ਮੈਦਾਨ ਵਿਚ ਕਢਿਆ ਤਾਂ ਖਾਲਸੇ ਵਾਸਤੇ ਤਾਂ ਉਪ੍ਰੋਕਤ ਦਸੀ ਗਈ ਰਹਿਤ ਮਰਯਾਦਾ ਦੀ ਕਰੜੀ ਪਾਬੰਦੀ ਲਗਾਈ ਪਰ ਇਹ ਨਹੀਂ ਕਿਹਾ ਕਿ ਖਾਲਸਾ ਸੇਵਾ ਜਾਂ ਸਹਾਇਤਾ ਕੇਵਲ ਉਹਦੀ ਹੀ ਕਰੇਗਾ ਜੋ ਇਸ ਰਹਿਤ ਮਰਯਾਦਾ ਵਿਚ ਪੱਕਾ ਹੋਵੇਗਾ ਜਾਂ ਪੱਕਾ ਹੋਣ ਦਾ ਪ੍ਰਣ ਕਰੇਗਾ । ਜੋ ਖਾਲਸਾ ਜੀ ਨੂੰ ਕੇਵਲ ਖ਼ਾਲਸਾ ਪੰਥ ਦੀ ਸੇਵਾ ਹੀ ਨਹੀਂ ਸਗੋਂ ਸਰਬਤ ਦੇ ਭਲੇ ਲਈ ਹਦਾਇਤ ਕੀਤੀ ਚਾਹੇ ਉਹ ਕਿਸੇ ਧਰਮ ਨਾਲ ਸਬੰਧਤ ਹੋਣ । ਭਾਰਤ ਦੀ ਗੁਲਾਮੀ ਦੂਰ ਕਰਨ ਅਤੇ ਹਿੰਦੂ ਧਰਮ ਦੀ ਰਖਿਆ ਦੀ ਪ੍ਰੇਰਨਾ ਤਾਂ ਸਿੰਘਾਂ ਨੂੰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਹੀ ਮਿਲ ਚੁਕੀ ਸੀ ਜਿਨ੍ਹਾਂ ਨੇ ਕੇਵਲ ਤਿਲਕ ਜੰਞੂ ਦੀ ਰਖਿਆ ਲਈ (ਜਿਸ ਦੇ ਉਹ ਆਪ ਧਾਰਨੀ ਨਹੀਂ ਸਨ) ਹੀ ਆਪਣਾ ਬਲੀਦਾਨ ਦਿਤਾ, ਜਿਵੇਂ—

'ਤਿਲਕ ਜੰਞੂ ਰਾਖਾ ਪ੍ਰਭ ਤਾਂ ਕਾ ॥
ਕੀਨੋ ਬਡੋ ਕਲੂ ਮਹਿ ਸਾਕਾ'

ਇਸ ਲਈ ਹੀ ਤਾਂ ਭਾਰਤ ਦੇ ਲੋਕਾਂ ਨੇ ਨੌਵੇਂ ਸਤਿਗੁਰੂ ਜੀ ਨੂੰ 'ਤੇਗ ਬਹਾਦਰ ਹਿੰਦ ਦੀ ਚਾਦਰ' ਕਹਿਕੇ ਸਤਿਕਾਰਿਆ । ਸੋ ਸੇਵਾ ਜਾਂ ਕੁਰਬਾਨੀ ਦੇਣ ਵੇਲੇ ਸਿੰਘਾਂ ਨੇ ਇਹ ਖਿਆਲ ਨਹੀਂ ਕਰਨਾ ਕਿ ਜਿਸ ਜਿਸ ਦੀ ਸੇਵਾ ਕਰਨੀ ਹੈ ਜਾਂ ਜਿਸ ਲਈ ਅਸੀਂ ਕੁਰਬਾਣੀ ਦੇਣੀ ਹੈ ਉਹ ਸਿੰਘ ਹੈ ਜਾਂ ਕੋਈ ਹੋਰ । ਸਿੱਖ ਨੂੰ ਹੁਕਮ ਹੈ ਕਿ ਤੂੰ ਹਰ ਲੋੜਵੰਦ ਅਤੇ ਮਨੁਖ-ਮਾਤਰ ਦੀ ਸੇਵਾ ਕਰਨੀ ਹੈ ।

ਅਜਿਹੀ ਪੱਖਪਾਤ ਤੋਂ ਰਹਿਤ ਅਤੇ ਸਰਬਤ ਦੇ ਭਲ ਦੀ ਸੇਵਾ ਦਾ ਸਿਖਰ ਭਾਈ ਕਨ੍ਹਈਯਾ ਜੀ ਨੇ ਛੋਹਿਆ ਜੋ ਜੰਗ ਦੇ ਮੈਦਾਨ ਵਿਚ ਜ਼ਖਮੀ ਹੋਏ ਜਵਾਨਾਂ ਦੀ ਜਲ ਨਾਲ ਸੇਵਾ ਕਰਦੇ ਸਨ ਚਾਹੇ ਉਹ ਦਸਮ ਪਾਤਸ਼ਾਹ ਜੀ ਦੀ ਫੌਜ ਦੇ ਸਿਪਾਸੀ ਹੋਣ ਜਾਂ ਦੁਸ਼ਮਣ ਦੀ ਫੌਜ ਦੇ । ਇਸੇ ਉਚੀ ਸੇਵਾ ਦੇ ਕਾਰਨ ਹੀ ਭਾਈ ਕਨ੍ਹਯੀਆ ਜੀ ਦਸਮ ਪਾਤਸ਼ਾਹ ਜੀ ਦੀ ਉਚੇਚੀ ਪ੍ਰਸ਼ੰਸਾ ਅਤੇ ਮਿਹਰਾਮਤ ਦੇ ਪਾਤਰ ਬਣ ਅਤੇ ਗੁਰੂ ਸਾਹਿਬ ਨੇ ਉਸ ਦੇ ਪਿੱਠ ਤੇ ਥਾਪੀ ਦਿਤੀ ਅਤੇ ਮਲ੍ਹਮ ਦੀ ਡਬੀ ਦੇ ਕੇ ਕਿਹਾ 'ਭਾਈ ਕਨ੍ਹਯੀਆ ! ਜਿਥੇ ਤੂੰ ਅਗੇ ਜ਼ਖਮੀਆਂ ਦੀ ਜਲ ਨਾਲ ਸੇਵਾ ਕਰਦਾ ਹੈਂ ਉਥੇ ਜ਼ਖਮਾਂ ਉਤੇ ਮਲ੍ਹਮ ਵੀ ਲਗਾ ਦਿਆ ਕਰ'।

ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਤੇ ਧੰਨ ਉਨ੍ਹਾਂ ਦੇ ਵਰੋਸਾਏ ਹੋਏ ਸਿੱਖ ਭਾਈ ਕਨ੍ਹਯੀਆ ਜੀ !

**ਸਾਰੇ ਸੰਸਾਰ ਨੂੰ ਸਿੱਖੀ ਦੀ ਲੋੜ**

ਆਪਣ ਗੁਰੂ ਸਾਹਿਬਾਣ ਦੇ ਪਾਏ ਪੂਰਨਿਆਂ ਤੇ ਚੱਲਕੇ ਸਿੰਘਾਂ ਨੇ ਬੇਮਿਸਾਲ ਕੁਰਬਾਨੀਆਂ ਕੀਤੀਆਂ ਬੰਦ ਬੰਦ ਕਟਵਾਏ ਚਰਖੀਆਂ ਤੇ ਚੜ੍ਹ ਕੇ, ਖੋਪਰੀਆਂ ਉਤਰਵਾ ਕੇ ਵੀ ਨਾ ਕੇਵਲ ਆਪਣੀ ਰਹਿਤ ਮਰਯਾਦਾ ਅਤੇ ਨਿਆਰੇਪਨ ਦੀ ਰਖਿਆ ਕੀਤੀ ਸਗੋਂ ਸਾਰੇ ਭਾਰਤ ਨੂੰ ਮੁਗਲਾਂ ਦੀ ਜ਼ੁਲਮੀ ਗੁਲਾਮੀ ਤੋਂ ਵੀ ਆਜ਼ਾਦ ਕਰਵਾਇਆ । ਫਰ ਸਮਾਂ



www.AKJ.Org

ਆਉਣ ਤੇ ਅੰਗ੍ਰੇਜ਼ਾਂ ਦੀ ਗ਼ੁਲਾਮੀ ਤੋਂ ਵੀ ਆਪਣੇ ਦੇਸ਼ ਨੂੰ ਆਜ਼ਾਦ ਕਰਵਾਉਣ ਵਿਚ ਆਪਣ ਵਿਤ ਤੋਂ ਵਧ ਚੜ੍ਹ ਕੇ ਹਿੱਸਾ ਪਾਇਆ। ਪਰ ਸੰਨ 1947 ਈ: ਵਿਚ ਜਦ ਭਾਰਤ ਆਜ਼ਾਦ ਹੋ ਗਿਆ ਤਾਂ ਉਸ ਸਮੇਂ ਦੇ ਕਈ ਨਾ-ਦੂਰਅੰਦੇਸ਼ ਅਤੇ ਘਟ ਸਮਝ ਵਾਲੇ ਲੋਕਾਂ ਨੇ ਇਹ ਕਹਿਣਾ ਆਰੰਭ ਕਰ ਦਿਤਾ ਕਿ ਦਸਮ ਗੁਰੂ ਨੇ ਭਾਰਤ ਨੂੰ ਮੁਗਲਾਂ ਦੇ ਰਾਜ ਤੋਂ ਆਜ਼ਾਦ ਕਰਵਾਉਣ ਲਈ ਅਤੇ ਇਥੋਂ ਦੀ ਬੁਜ਼ਦਿਲ ਹੋ ਚੁਕੀ ਹਿੰਦੂ ਜਨਤਾ ਵਿਚ ਬਹਾਦੁਰੀ ਅਤੇ ਕੁਰਬਾਨੀ ਦਾ ਜਜ਼ਬਾ ਭਰਨ ਲਈ ਸਾਬਤ ਸੂਰਤ ਅਤੇ ਰਹਿਤ ਬਹਿਤ ਵਾਲੇ ਸਿੰਘ ਸਜਾਏ ਸੀ। ਹੁਣ ਭਾਰਤ ਆਜ਼ਾਦ ਹੈ ਅਤੇ ਹੁਣ ਏਸ ਕੇਸਾਧਾਰੀ ਅਤੇ ਰਹਿਤ ਮਰਯਾਦਾ ਵਾਲੇ ਖਾਲਸੇ ਦੀ ਲੋੜ ਨਹੀਂ ਰਹਿ ਗਈ। ਪਰ ਉਸ ਤੋਂ ਪਿਛੋਂ ਦੇ ਹਾਲਾਤ ਅਤੇ ਖਾਸ ਕਰਕੇ ਸੰਨ 1962, 1965 ਅਤੇ 1971 ਦੀ ਜੰਗ ਨੇ ਸਾਬਤ ਕਰ ਦਿਤਾ ਹੈ ਕਿ ਸਿੱਖ ਰਹਿਤ ਦੀ ਭਾਰਤ ਨੂੰ ਅਜੇ ਬਹੁਤ ਲੋੜ ਹੈ ਕਿਉਂਕਿ ਇਸ ਰਹਿਤ ਮਰਯਾਦਾ ਨਾਲ ਉਹ ਉਹ ਅਦੁਤੀ ਕੁਰਬਾਨੀਆਂ ਅਤੇ ਆਪਾ ਵਾਰਨ ਦੀਆਂ ਘਟਨਾਵਾਂ ਅਤੇ ਭਾਵਨਾਵਾਂ ਸਬੰਧਤ ਹਨ ਜਿਨ੍ਹਾਂ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਨਹੀਂ ਮਿਲਦੀ।

ਅਜਿਹੀ ਭਾਵਨਾ ਵਾਲੀ ਸਿੱਖੀ ਦੀ ਤਾਂ ਕੇਵਲ ਭਾਰਤ ਨੂੰ ਹੀ ਸਗੋਂ ਸਾਰੇ ਸੰਸਾਰ ਨੂੰ ਲੋੜ ਹੈ ਅਤੇ ਓਦੋਂ ਤਕ ਇਹ ਲੋੜ ਰਹੇਗੀ ਜਦੋਂ ਤਕ ਸਾਰੇ ਸੰਸਾਰ ਵਿਚੋਂ ਹਮਲੇ ਅਤੇ ਧੱਕੇ ਦਾ ਕਮਲਪਨ ਖਤਮ ਨਹੀਂ ਹੋ ਜਾਂਦਾ ਚਾਹੇ ਉਹ ਧੱਕਾ ਅਮੀਰ ਵਲੋਂ ਗਰੀਬ ਤੇ ਹੋਵੇ ਜਾਂ ਡਾਢੇ ਵਲੋਂ ਕਮਜ਼ੋਰ ਤੇ ਅਤੇ ਚਾਹੇ ਇਹ ਧੱਕਾ ਵਿਅ-ਕਤੀਗਤ ਹੋਵੇ ਜਾਂ ਇਕ ਦੇਸ਼ ਦਾ ਦੂਜੇ ਦੇਸ਼ ਤੇ ਹੋਵੇ। ਅਜਿਹੀ ਸਿੱਖੀ ਸਪਿਰਟ ਅਤੇ ਭਾਵਨਾ ਨੂੰ ਤਾਂ ਸਾਡੇ ਦੇਸ਼ ਵਾਸੀਆਂ ਅਤੇ ਸਾਡੇ ਨੇਤਾਵਾਂ ਨੂੰ ਉਸੇ ਪ੍ਰਕਾਰ ਸੁਰਖਿਅਤ ਅਤੇ ਪ੍ਰਫੁਲੱਤ ਕਰਨਾ ਚਾਹੀਦਾ ਹੈ ਜਿਵੇਂ ਦੇਸ਼ ਰਖਿਆ ਦੇ ਹੋਰ ਸਾਧਨਾਂ ਨੂੰ। ਪਰ ਅਫਸੋਸ ਹੈ ਕਿ ਅਜੇ ਇਸ ਭੇਦ ਦੀ ਉਹਨਾਂ ਨੂੰ ਪੂਰੀ ਤਰ੍ਹਾਂ ਸਮਝ ਨਹੀਂ ਆਏ। ਖੈਰ, ਨਹੀਂ ਸਮਝ ਆਈ ਤਾਂ ਸਹਜੇ ਸਹਿਜੇ ਆ ਜਾਵੇਗੀ ਪਰ ਜਿਨ੍ਹਾਂ ਕਦਰਦਾਨਾਂ ਨੂੰ ਇਸ ਦੀ ਸਮਝ ਹੈ ਉਹਨਾਂ ਨੂੰ ਤਾਂ ਕੁਝ ਕਰਨਾ ਹੀ ਚਾਹੀਦਾ ਹੈ ਅਤੇ ਤੁਰਤ ਹੀ ਕਰਨਾ ਚਾਹੀਦਾ ਹੈ ਕਿਉਂਕਿ ਇਹ ਗੱਲ ਪੱਕ ਜਾਣੋ ਕਿ ਜਿਤਨਾ ਸਿੱਖੀ ਜਜ਼ਬਾ ਅਤੇ ਸਿੱਖੀ ਮਰਯਾਦਾ ਘਟੇਗੀ ਉਤਨਾ ਹੀ ਇਹ ਖਾਲਸਈ ਫ਼ੌਜ ਆਪਣੇ ਕਰਤਵਾਂ ਵਿਚ ਕਮਜ਼ੋਰ ਹੋਵੇਗੀ। ਅਥਵਾ ਭਾਰਤ ਦੇਸ਼ ਕਮਜ਼ੋਰ ਹੋਵੇਗਾ।

ਧਰਮ ਅਤੇ ਆਜ਼ਾਦੀ ਦੀ ਇਹ ਰਖਯਕ ਖਾਲਸਈ ਫੌਜ ਦੇ ਜਰਨੈਲ, ਦਸਮ ਪਿਤਾ ਜੀ, ਨੇ ਰਹਿਤ ਮਰਯਾਦਾ ਅਤੇ ਸਾਬਤ ਸੂਰਤ ਰਹਿਣ ਦੀ ਪਾਬੰਦੀ ਅਤੇ ਡਸਿਪਲਿਨ ਉਸੇ ਕਰੜਾਈ ਨਾਲ ਲਗਾਇਆ ਸੀ ਜਿੰਨਾ ਕਿ ਕਿਸੇ ਫੌਜ ਲਈ ਲਗਾਇਆ ਸੀ ਜਿਨ੍ਹਾ ਕਿ ਕਿਸੇ ਫੌਜ ਲਈ ਆਪਣੀ ਫੌਜੀ ਵਰਦੀ (ਯੂਨੀਫਾਰਮ) ਲਈ ਹੁੰਦੀ ਹੈ। ਕਿਹੜਾ ਦੇਸ਼ ਹੈ ਜੋ ਆਪਣੀ ਰਖਯਕ ਫੌਜਨੂੰ ਬਿਨਾਂ ਵਰਦੀ ਜਾਂ ਟੁੱਟੀ-ਫੁੱਟੀ ਯੂਨੀਫਾਰਮ ਵਿਚ ਵੇਖ ਕੇ ਪ੍ਰਸੰਨ ਹੁੰਦਾ ਹੈ। ਕਿਸੇ ਫੌਜ ਦਾ ਬਿਨ ਯੂਨੀਫਾਰਮ ਦ ਜਾਂ ਢਿੱਲੀ ਅਥਵਾ ਟੁੱਟੀ-ਫੁੱਟੀ ਵਰਦੀਵਿਚ ਹੋਣਾ ਉਸ ਦੇਸ਼ਦੇ ਦਿਵਾਲੀਏ ਹੋਣਦ ਨਿਸ਼ਾਨੀ ਹੈ ਜਾਂ ਫੌਜੀ ਸਪਾਹੀਆਂ ਵਲੋਂ ਆਪਣੇ ਜਰਨੈਲ ਦੇ ਹੁਕਮ ਦੀ ਅਦੂਲੀ ਤਥਾ ਬਗਾਵਤ



www.AKJ.Org

ਦੀ ਪ੍ਰਤੀਕ ਹੈ । ਇਹ ਦੋਵੇ ਗੱਲਾਂ ਕੋਈ ਖ਼ੁਸ਼ ਹੋਣ ਵਾਲੀਆਂ ਨਹੀਂ ਹਨ ਪਰ ਸਾਡੇ ਦੇਸ਼ ਦੀ ਬਦਕਿਸਮਤੀ ਸਮਝੋ ਕਿ ਜਦ ਕੋਈ ਖਾਲਸਈ ਫੌਜ ਦਾ ਸਿਪਾਹੀ ਭਾਵ ਕੋਈ ਸਿੰਘ ਨੌਜਵਾਨ ਇਸ ਯੂਨੀਫਾਰਮ ਨੂੰ ਤਿਆਗਦਾ ਹੈ ਤਾਂ ਕਈ ਲੋਕ ਖੁਸ਼ ਹੁੰਦੇ ਹਨ ।

### ਕੁਝ ਤਜਵੀਜ਼ਾਂ

ਸੋ ਅਜਿਹੀ ਸਿੱਖੀ ਤੇ ਖਾਲਸਈ ਰਹਿਤ ਬਹਿਤ ਨੂੰ ਨੌਜਵਾਨਾਂ ਵਿਚ ਮੁੜਕੇ ਸੁਰਜੀਤ ਕਰਨ ਲਈ ਕੁਝ ਤਜਵੀਜ਼ਾਂ ਹੇਠ ਦਿਤੀਆਂ ਜਾਂਦੀਆਂ ਹਨ, ਸਿਆਣੇ ਅਤੇ ਸਿੱਖੀ ਦਰਦ ਵਾਲੇ ਸਜਣ ਇਹਨਾਂ ਤੇ ਵਿਚਾਰ ਕਰਕੇ ਵਾਧੇ ਘਾਟੇ ਨਾਲ ਇਨ੍ਹਾਂ ਨੂੰ ਅਪਣਾਅ ਕੇ ਤੁਰਤ ਸੇਵਾ ਆਰੰਭ ਕਰ ਦੇਣ :—

(1) ਇਸ ਕਾਰਜ ਲਈ ਦੋ ਮੁਖ ਜਥੇਬੰਦੀਆਂ ਬਨਣੀਆਂ ਚਾਹੀਦੀਆਂ ਹਨ ਜੋ 'ਭਾਈਦਯਾ ਸਿੰਘ ਦਲ' ਅਤੇ 'ਮਾਈ ਭਾਗੋ ਦਲ' ਦੇ ਨਾਮ ਤੋਂ ਪ੍ਰੇਰਨਾ ਲੈਣ । ਇਹਨਾਂ ਜਥੇਬੰਦੀਆਂ ਦੇ ਕੰਮ ਕਰਨ ਦੀ ਭਾਵਨਾ ਅਤੇ ਵਾਹਿਗੁਰੂ ਅਕਾਲ ਪੁਰਖ ਅਗੇ ਅਰਦਾਸ ਦੀ ਭਾਵਨਾ ਕੁਝ ਇਸ ਤਰ੍ਹਾਂ ਦੀ ਹੋਵੇ :—

"ਟੂਟੀ ਗਾਂਢਨਹਾਰ ਗੁਪਾਲ ॥'
"ਹਮ ਪਾਪੀ ਤੁਮ ਪਾਪ ਖੰਡਨ ਹੋ।"
"ਹਮ ਪਤਿਤ ਤੁਮ ਪਤਿਤ ਉਧਰੀਆ।"
"ਰਾਮਈਆ ਹਉ ਬਾਰਿਕ ਤੇਰਾ ॥"
ਕਾਹੇ ਨ ਖੰਡਸ ਅਵਗਣ ਮੇਰਾ ॥
ਸੁਤ ਅਪ੍ਰਾਧ ਕਰਤ ਹੈ ਜੇਤੇ ॥
ਜਨਨੀ ਚੀਤਿ ਨਾ ਰਾਖਸ ਤੇਤੇ ॥"
"ਆਪਣੇ ਕਰਮ ਕਰਿ ਨਰਕ ਹੂ ਨ
ਪਾਵਉ ਠਉਰ ਤੁਮਰੇ ਬਿਰਦ ਕਉ
ਆਸਰੋ ਸਮ੍ਹਾਰ ਹੌਂ ।।"
"ਜਿਉ ਜਾਨਉ ਤਿਉ ਰਾਖਿ ਹਰਿ ਪ੍ਰਭ
ਤੇਰਿਆ—......

(2) ਦੁਹਾਂ ਜਥਿਆਂ ਦਾ ਪ੍ਰਚਾਰ ਪ੍ਰੋਗਰਾਮ ਕੁਝ ਇਸ ਤਰ੍ਹਾਂ ਦਾ ਹੋਵੇ ਕਿ ਹਰ ਸਿੱਖ ਘਰਾਣਾ ਖਾਸ ਕਰਕੇ ਵਡੇ ਸ਼ਹਿਰਾਂ ਵਿਚ ਜਿਨ੍ਹਾਂ ਨੂੰ ਇਹ ਸੇਵਾ ਨਿਬਾਹੁਣ ਦੀ ਵਾਹਿਗੁਰੂ ਨੇ ਸਮਰੱਥਾ ਬਖਸ਼ੀ ਹੈ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਆਪਣੇ ਘਰ ਵਿਚ ਕਰਕੇ ਦੋਨੋ ਸਮੇਂ ਦਾ ਨਿਤਨੇਮ ਸਭ ਪ੍ਰਵਾਰ ਰਲਕੇ ਕਰਨ ਅਤੇ ਇਕ ਸਹਿਜ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਦਾ ਰਖਿਆ ਰਹੇ ਜੋ ਸਭ ਪ੍ਰਵਾਰ ਸਮੇਂ ਅਨੁਸਾਰ ਆਪ ਪਾਠ ਕਰੇ । ਪੇਸ਼ਾ-ਵਰ ਪਾਠੀਆਂ ਤੋਂ ਪਾਠ ਕੇਵਲ ਮਜਬੂਰੀ ਦੀ ਹਾਲਤ ਵਿਚ ਕੀ ਕਰਾਣਾ ਚਾਹੀਦਾ ਹੈ । ਜਿਨ੍ਹਾਂ ਘਰਾਂ ਵਿਚ ਮਹਾਰਾਜ ਦਾ ਪ੍ਰਕਾਸ਼ ਨਾ ਹੋਵੇ ਉਹ ਵੈਸੇ ਹੀ ਸਭ ਪਰਵਾਰ ਬੱਚੇ ਬੱਚੀਆਂ ਨੂੰ ਨਾਲ ਰਲਾ ਕੇ ਨਿਤਨੇਮ ਦੀਆਂ ਬਾਣੀਆਂ ਦਾ ਰੋਜ਼ਾਨਾ ਪਾਠ ਮਿਲਕੇ ਕਰਿਆ ਕਰਨ । ਇਸ ਤਰ੍ਹਾਂ ਸਭ ਨੂੰ ਨਿਤਨੇਮ ਦੀਆਂ ਬਾਣੀਆਂ ਯਾਦ ਵੀ ਹੋ ਜਾਣਗੀਆਂ । ਨਾਲ ਹੀ ਬਚਿਆਂ ਨੂੰ ਕੀਰਤਨ ਦੀ ਸਿਖਿਆ ਵੀ ਜ਼ਰੂਰ ਦਿਤੀ ਜਾਵੇ । ਏਸੇ ਤਰ੍ਹਾਂ ਹੀ ਗੁਰ ਇਤਿਹਾਸ ਅਤੇ ਗੁਰਬਾਣੀ ਖੋਜ ਦੀਆਂ ਪੁਸਤਕਾਂ ਵਧ ਤੋਂ ਵਧ ਘਰ ਵਿਚ ਰਖੀਆਂ ਜਾਣ ਅਤੇ ਨਾਲ ਨਾਲ ਵਧਾਈਆਂ ਜਾਣ ।



www.AKJ.Org

'ਘਰ ਘਰ ਅੰਦਰ ਧਰਮਸਾਲ
ਹੋਵੈ ਕੀਰਤਨ ਸਦਾ ਵਸੇਆ'

ਦਾ ਮਹਾਵਾਕ ਏਸ ਤਰ੍ਹਾਂ ਹੀ ਸਤ ਹੋਵੇਗਾ ਅਤੇ ਹਰ ਘਰ ਦਾ ਵਾਤਾਵਰਨ ਵੀ ਠੀਕ ਤਾਂ ਹੀ ਰਹੇਗਾ ।

(3) ਅਜ ਕਲ੍ਹ ਛੋਟੇ ਬਚਿਆਂ ਦੀ ਪੜ੍ਹਾਈ ਸਬੰਧੀ ਕਾਨਵੈਂਟ ਅਥਵਾ ਅੰਗਰੇਜ਼ੀ ਸਕੂਲਾਂ ਦਾ ਬੜਾ ਝੱਖੜ ਚਲਿਆਹੈ ਹਰ ਸਰਦਾ-ਪੁਜਦਾ ਸਿੱਖ ਘਰਾਨਾ ਆਪਣੇ ਬਚਿਆਂ ਨੂੰ ਕਾਨ-ਵੈਂਟ ਤੇ ਸੈਂਟ ਜਾਹਨ ਆਦਿ ਅੰਗਰੇਜ਼ੀ ਸਕੂਲਾਂ ਵਿਚ ਦਾਖਲ ਕਰਾਉਣਾ ਚਾਹੁੰਦਾ ਹੈ, ਜਿਥੇ ਦਾ ਵਾਤਾਵਰਨ ਸਿੱਖੀ ਜਜ਼ਬਾਤ ਦੇ ਅਨੁਕੂਲ ਨਹੀਂ ਹੈ । ਪਰ ਮਜ਼ਬੂਰੀ ਇਹ ਹੈ ਕਿ ਉਹੋ ਜਿਹੀ ਪੜ੍ਹਾਈ ਤੇ ਹੋਰ ਅਜ ਕਲ੍ਹ ਦੇ ਸਮੇਂ ਅਨੁਸਾਰ ਸਿਖਿਆ ਦਾ ਹੋਰ ਕੋਈ ਪ੍ਰਬੰਧ ਹੈ ਨਹੀਂ । ਜੇਕਰ ਉਹਨਾਂ ਹੀ ਲੀਹਾਂ ਉਤੇ ਸਿੱਖ ਪਬਲਿਕ ਸਕੂਲ ਖੋਲ੍ਹੇ ਜਾਣ ਜਿਥੇ ਹੋਰ ਸਹੂਲਤਾਂ ਕਾਨਵੈਂਟ ਸਕੂਲਾਂ ਵਾਲੀਆਂ ਹੋਣ ਦੇ ਇਲਾਵਾ ਸਿੱਖ ਵਾਤਾਵਰਨ ਵੀ ਕਾਇਮ ਰਖਿਆ ਜਾਵੇ ਤਾਂ ਹੀ ਆਉਣ ਵਾਲੀ ਪਨੀਰੀ ਦੇ ਮਨ ਵਿਚ ਸਿਖੀ ਦਾ ਉਤਸ਼ਾਹ ਉਤਪੰਨ ਹੋ ਸਕਦਾ ਹੈ ।

(4) ਹਰ ਘਰ ਵਿਚ ਬੱਚੇ ਨੂੰ ਦਸਤਾਰ ਸਜਾਣ ਤੇ ਅੰਮ੍ਰਿਤ ਛਕਾਉਣ ਦੀ ਰਸਮ ਖਾਸ ਉਤਸ਼ਾਹ ਅਤੇ ਉਚੇਚ ਨਾਲ ਹੋਣੀ ਚਾਹੀਦੀ ਹੈ ।

(5) ਸਿੱਖ ਸਕੂਲਾਂ ਤੇ ਕਾਲਜਾਂ ਦਾ ਵਾਤਾਵਰਨ ਠੀਕ ਕਰਨ ਦੀ ਬਹੁਤ ਲੋੜ ਹੈ । ਉਥੋਂ ਦੇ ਪ੍ਰਿੰਸੀਪਲ ਅਤੇ ਹੈਡਮਾਸਟਰ ਸਾਹਿਬਾਨ ਪੂਰਨ ਗੁਰਸਿੱਖ ਅਤੇ ਸਿੱਖੀ ਲਗਨ ਵਾਲੇ ਹੋਣ ਜੋ ਕਿ ਨੌਜਵਾਨਾਂ ਨੂੰ ਸਿੱਖੀ ਵਲ ਪ੍ਰੇਰਨਾ ਦੇਣੀ ਅਪਣਾ ਮੁੱਖ ਮਿਸ਼ਨ ਸਮਝਣ ਅਤੇ ਜ਼ਬਾਨੀ ਸਿਖਿਆ ਦੇਣ ਨਾਲੋਂ ਵਧੇਰੇ ਆਪਣੇ ਉਚੇ ਅਮਲੀ ਸਿੱਖੀ ਜੀਵਨ ਰਾਹੀਂ ਸਿਖਿਆ ਦੇਣ ਨੂੰ ਤਰਜੀਹ ਦੇਣ । ਖਾਲਸਾ ਸਕੂਲਾਂ ਵਿਚ ਪਤਿਤ ਅਤੇ ਦਾਹੜੀ ਕਟੇ ਅਧਿਆਪਕ ਲਗਦੇ ਵਸ ਕੋਈ ਨਹੀਂ ਹੋਣਾ ਚਾਹੀਦਾ ਜੋ ਅਗੇ ਹਨ ਉਹਨਾਂ ਨੂੰ ਪ੍ਰਿੰਸੀਪਲ ਅਤੇ ਹੈਡਮਾਸਟਰ ਅਥਵਾ ਹੋਰ ਸਟਾਫ ਦੇ ਭਾਈਚਾਰੇ ਰਾਹੀਂ ਏਸ ਕਮਜ਼ੋਰੀ ਨੂੰ ਦੂਰ ਕਰਨ ਲਈ ਪ੍ਰੇਰਨਾ ਦੇਣੀ ਚਾਹੀਦੀ ਹੈ ।

(6) ਖਾਲਸਾ ਸਕੂਲਾਂ ਕਾਲਜਾਂ ਦਾ ਵਾਤਾਵਰਨ ਸਿਖੀ ਪ੍ਰੇਰਨਾ ਵਾਲਾ ਰਖਣ ਲਈ ਦੋ ਵਕਤ ਦੇ ਸ਼ਬਦ ਕੀਰਤਨ ਅਤੇ ਨਿਤਨੇਮ ਸਮਾਗਮ ਜ਼ਰੂਰੀ ਕਾਇਮ ਕਰਨੇ ਚਾਹੀਦੇ ਹਨ । ਧਾਰਮਕ ਜਾਣਕਾਰੀ ਅਤੇ ਰਹਿਤ ਮਰਯਾਦਾ ਵਿਚ ਪਰਪੱਕ ਨੌਜਵਾਨਾਂ ਨੂੰ ਵਧ ਤੋਂ ਵਧ ਸਹਾਇਤਾ ਅਤੇ ਉਤਸ਼ਾਹ ਦੇਣਾ ਚਾਹੀਦਾ ਹੈ । ਵਧ ਤੋਂ ਵਧ ਧਾਰਮਕ ਵਜ਼ੀਫੇ ਧਾਰਮਿਕ ਮਸਲਿਆਂ ਉਤੇ ਮਹਾਂ ਪੁਰਸ਼ਾਂ ਤੇ ਗੁਰਸਿੱਖੀ ਜੀਵਨ ਵਾਲਿਆਂ ਦੇ ਭਾਸ਼ਨ ਕਰਾਉਣੇ ਚਾਹੀਦੇ ਹਨ ਤੇ ਵਿਦਿਆਰਥੀਆਂ ਵਿਚ ਧਾਰਮਿਕ ਮੁਕਾਬਲੇ ਅਤੇ ਇਨਾਮ ਹੋਣੇ ਚਾਹੀਦੇ ਹਨ । ਮਹੀਨੇ ਵਿਚ ਇਕ ਖਾਸ ਧਾਰਮਿਕ ਸਮਾਗਮ ਹੋਣਾ ਚਾਹੀਦਾ ਹੈ ਜਿਸ ਦਾ ਸਭ ਪ੍ਰਬੰਧ, ਜੋੜਿਆਂ ਦਾ, ਸਟੇਜ ਦਾ, ਕੀਰਤਨ ਦਾ, ਲੰਗਰ ਆਦਿ (ਜੇ ਹੋਵੇ



www.AKJ.Org

ਤਾਂ), ਪ੍ਰਿੰਸੀਪਲ ਅਥਵਾ ਹੈਡਮਾਸਟਰ ਸਾਹਿਬ ਦੀ ਅਗਵਾਈ ਹੇਠ ਨੌਜਵਾਨ ਆਪ ਹੀ ਕਰਨ। ਧਾਰਮਕ ਪੁਸਤਕਾਂ, ਟਰੈਕਟ, ਕਾਲਜਾਂ ਅਤੇ ਸਕੂਲਾਂ ਵਿਚ ਮੁਫਤ ਲਗਦੀ ਕੀਮਤ, ਅਥਵਾ ਵਾਜਬੀ ਕੀਮਤ ਤੇ ਹਰ ਇਕ ਵਿਦਿਆਰਥੀ ਦੇ ਪੜ੍ਹਨ ਗੋਚਰਾ ਕੀਤੇ ਜਾਣ।

## ਅੰਮ੍ਰਿਤ ਪ੍ਰਚਾਰ

(7) ਹਰ ਸਕੂਲ ਅਤੇ ਕਾਲਜ ਵਿਚ ਮਹੀਨੇ ਵਾਰੀ ਸਮਾਗਮ ਵਿਚ ਅੰਮ੍ਰਿਤ ਪ੍ਰਚਾਰ ਜ਼ਰੂਰ ਕੀਤਾ ਜਾਵੇ। ਅੰਮ੍ਰਿਤ ਛਕਣ ਵਾਲੇ ਅਤੇ ਹੋਰ ਭੁਲਾਂ ਤਿਆਗਣ ਵਾਲਿਆਂ ਦਾ ਰਿਕਾਰਡ ਰਖਿਆ ਜਾਵੇ ਤੇ ਉਹਨਾਂ ਨੂੰ ਹਰ ਪਰਕਾਰ ਕਾਲਜ ਹੋਸਟਲ ਆਦਿ ਵਿਚ ਸਨਮਾਨ ਦਿਤਾ ਜਾਵੇ।

(8) ਸਿਖ ਨੌਜਵਾਨਾਂ ਤੇ ਸਿੱਖ ਬਚਿਆਂ ਵਿਚ ਛੋਟੀ ਦਸਤਾਰ ਅਤੇ ਰੇਬ ਕਾਟ ਦੇ ਕਛਹਿਰਿਆਂ ਦਾ ਰਿਵਾਜ ਪ੍ਰਚਲਤ ਕੀਤਾ ਜਾਵੇ, ਬਜਾਏ ਨਿਕਰ ਕਾਟ ਦੇ।

(9) ਖੇਡਾਂ ਵਿਚ ਭਾਗ ਲੈਣ ਵਾਲੇ ਅਤੇ ਹੋਰ ਕਸਰਤ ਕਰਨ ਵਾਲਿਆਂ ਸਿੱਖ ਬਚਿਆਂ ਨੂੰ ਰਹਿਤ ਮਰਯਾਦਾ ਵਿਚ ਪ੍ਰਪਕ ਰਹਿਣ ਲਈ ਉਚੇਚੀ ਪ੍ਰੇਰਨਾ ਅਤੇ ਹੌਂਸਲਾ ਅਫਜ਼ਾਈ ਦਿਤੀ ਜਾਵੇ।

(10) ਸਿਖ ਨੌਜਵਾਨਾਂ ਦੇ ਮਾਪਿਆਂ ਨੂੰ ਇਸ ਗੱਲ ਦਾ ਖ਼ਾਸ ਖਿਆਲ ਰਖਣਾ ਚਾਹੀਦਾ ਹੈ ਕਿ ਜਿਥੋਂ ਤਕ ਹੋ ਸਕੇ ਬਚਿਆਂ ਦਾ 20-25 ਸਾਲ ਦੀ ਉਮਰ ਤਕ ਮੇਲ-ਜੋਲ, ਆਉਣ ਜਾਣ, ਸੋਸ਼ਲ ਕੰਨੈਕਟ ਆਦਿ ਵਧੇਰੇ ਕਰਕੇ ਤਿਆਰ ਬਰ ਤਿਆਰ ਗੁਰਸਿਖ ਬਚਿਆਂ ਨਾਲ ਹੀ ਹੋਵੇ ਜਿਸ ਬੱਚੇ ਦੀ ਦੋਸਤੀ ਫਿਰਨ ਤੁਰਨ ਗੈਰ ਸਿੱਖ ਜਾਂ ਢਿਲੜ ਸਿਖ ਬਚਿਆਂ ਨਾਲ ਹੈ ਉਸ ਦੇ ਮਾਪਿਆਂ ਨੂੰ ਫ਼ਿਰਕਮੰਦ ਤੇ ਚੇਕੰਨੇ ਰਹਿਣਾ ਚਾਹੀਦਾ ਹੈ।

## ਸਿੱਖ ਸੰਗਤ

(11) ਹਰ ਇਕ ਪਿੰਡ ਅਥਵਾ ਸ਼ਹਿਰ ਦੇ ਗੁਰਦਵਾਰੇ ਵਿਚ ਦੋ ਸਮੇਂ ਕੀਰਤਨ ਸੰਗਤਾਂ ਵਲੋਂ ਆਪ ਮਿਲ ਜੁਲ ਕੇ ਕਰਨ ਦਾ ਰਿਵਾਜ ਪਾਇਆ ਜਾਵੇ। ਕੀਰਤਨ ਜਿਸ ਸਾਜ਼ ਨਾਲ ਹੋ ਸਕੇ ਸੰਗਤ ਆਪ ਮਿਲਕੇ ਕਰੇ। ਵਾਜਾ, ਜੋੜੀ- ਢੋਲਕ, ਚਿਮਟਾ, ਖੜਤਾਲਾਂ ਆਦਿ ਜਿਸ ਪ੍ਰਕਾਰ ਦੀ ਸੰਗਤ ਦੀ ਰੁਚੀ ਹੋਵੇ ਉਸੇ ਤਰ੍ਹਾਂ ਹੋਵੇ ਪਰ ਹੋਵ ਸਮੁੱਚੀ ਸੰਗਤ ਵਲੋਂ ਤੇ ਰਾਗ ਤੋਂ ਵਾਕਿਫ ਸਜਣ ਵੀ ਸੇਵਾ-ਭਾਵ ਨਾਲ ਕੀਰਤਨ ਕਰਨ। ਤਨਖਾਹਦਾਰ ਰਾਗੀ ਜਥੇ ਚੰਗੇ ਤੋਂ ਚੰਗੇ ਰਖੇ ਜਾਣ ਪਰ ਉਹਨਾਂ ਦੀ ਡਿਊਟੀ ਸੰਗਤ ਵਿਚ ਕੀਰਤਨ ਕਰਨ ਤੋਂ ਇਲਾਵਾ ਬਚਿਆਂ ਨੂੰ ਮੁਫਤ ਜਾਂ ਮਾਮੂਲੀ ਫੀਸ (ਜੋ ਗੁਰਦਵਾਰਾ ਫੰਡ ਵਿਚ ਜਾਵੇ) ਲੈ ਕੇ ਕੀਰਤਨ ਸਿਖਾਉਣ ਦੀ ਜ਼ਿਆਦਾ ਹੋਣੀ ਚਾਹੀਦੀ ਹੈ। ਇਸ ਸਬੰਧ ਜੋ ਸਿਖਾਵਨ ਵਾਲ ਰਾਗੀ ਸਿੰਘ ਜਾਂ ਸਿੰਘਣੀਆਂ ਦੀ ਮਾਇਕ ਸਹਾਇਤਾ ਵਧੇਰੇ ਹੀ ਕਰਨੀ ਪਵੇ ਤਾਂ ਵੀ ਕਰਨੀ ਚਾਹੀਦੀ ਹੈ।

(12) ਹਰ ਇਕ ਸ਼ਹਿਰ ਅਤੇ ਪਿੰਡ ਦੇ ਗੁਰਦਵਾਰੇ ਵਿਚ ਵੀ ਅੰਮ੍ਰਿਤ ਪ੍ਰਚਾਰ ਦਾ ਬਕਾਇਦਾ ਪ੍ਰੋਗਰਾਮ ਸਮੇਂ ਸਮੇਂ ਸਿਰ ਹੁੰਦਾ



www.AKJ.Org

ਰਹਿਣਾ ਚਾਹੀਦਾ ਹੈ।

(13) ਗੁਰਦਵਾਰਿਆਂ ਵਿਚ ਜੋੜਿਆਂ ਦੀ ਸੇਵਾ, ਲੰਗਰ, ਝਾੜੂ ਆਦਿ ਦੀ ਸੇਵਾ ਸੰਗਤ ਵਿਚ ਸਿੰਘਾਂ ਤੇ ਮਾਈਆਂ ਬੀਬੀਆਂ ਵਲੋਂ ਸੇਵਾ-ਭਾਵ ਨਾਲ ਰਲ ਮਿਲਕੇ ਕਰਨ ਦਾ ਰਿਵਾਜ ਚਲਾਣਾ ਚਾਂਹੀਦਾ ਹੈ। ਹਰ ਇਕ ਕੰਮ ਤਨਖਾਹਦਾਰ ਆਦਮੀਆਂ ਤੋਂ ਨਹੀਂ ਹੋਣਾ ਚਾਹੀਦਾ।

(14) ਗੁਰਦਵਾਰਿਆਂ ਵਿਚ ਚਾਹੇ ਪਿੰਡਾਂ ਵਿਚ ਹੋਣ ਚਾਹ ਸ਼ਹਿਰਾਂ ਵਿਚ, ਕੇਵਲ ਧਾਰਮਕ ਪ੍ਰੋਗਰਾਮ ਕਥਾ ਕੀਰਤਨ ਤੇ ਵਖਿਆਨ ਆਦਿ ਦਾ ਹੀ ਹੋਣਾ ਚਾਹੀਦਾ ਹੈ ਵਿਸ਼ੇਸ਼ ਕਰਕੇ ਸਿੱਖ ਪਾਰਟੀਬਾਜ਼ੀ ਅਥਵਾ ਕਿਸੇ ਸਿਖ ਵਿਅਕਤੀ ਜਾਂ ਲੀਡਰ ਦੀ ਨਿੰਦਿਆ ਉਸਤਤਿ ਬਿਲਕੁਲ ਨਹੀਂ ਹੋਣੀ ਚਾਹੀਦੀ। ਗੁਰਦਵਾਰਿਆਂ ਵਿਚ ਸਿਖੀ ਦੀ ਸਿਖਿਆ ਦੇਣੀ ਚਾਹੀਦੀ ਹੈ। ਜਦ ਸਿੱਖੀ ਜਜ਼ਬਾ ਸਿਖਾਂ ਵਿਚ ਬਹਲ ਹੋ ਜਾਵੇ ਤਾਂ ਫੇਰ ਉਹਨਾਂ ਨੂੰ ਕਿਸੇ ਪ੍ਰੇਰਨਾ ਦੀ ਲੋੜ ਨਹੀਂ ਕਿ ਤੁਸੀਂ ਫਲਾਣੇ ਸਿਖ ਪਾਰਟੀ ਜਾਂ ਸਿਖ ਉਮੀਦਵਾਰ ਨੂੰ ਵੋਟ ਪਾਉ। ਉਹ ਆਪ ਹੀ ਸਮਝ ਲੈਣਗ ਕਿ ਅਸੀਂ ਆਪਣਾ ਵੋਟ ਕੇਵਲ ਉਸ ਉਮੀਦਵਾਰ ਨੂੰ ਹੀ ਪਾਣਾ ਹੈ ਜੋ ਆਪ ਸਿੱਖ ਮਰਯਾਦਾ ਵਿਕ ਪ੍ਰਪਕ ਹੈ ਅਤੇ ਸਿੱਖ ਅਸੂਲਾਂ ਅਨੁਸਾਰ ਤਨ ਮਨ ਧਨ ਅਰਪਣ ਕਰੇਗਾ ਤੇ ਉਹ ਸਿਖਾਂ ਦਾ ਨੁਮਾਇਦਾ ਬੰਨਣ ਦਾ ਹੱਕਦਾਰ ਹੈ ਭਾਵੇਂ ਉਹ ਗੁਰਦਵਾਰਾ ਚੋਣ ਹੋਵੇ, ਮਿਉਨਿਸ-ਪੈਲਟੀ ਦੀ ਚਣ ਹੋਵੇ ਭਾਵੇਂ ਪੰਚਾਇਤ ਅਥਵਾ ਅਸੈਂਬਲੀ ਜਾਂ ਪਾਰਲੀਮੈਂਟ ਦੀ ਹੋਵੇ। ਪਾਰਟੀ ਪ੍ਰਾਪੇਗੰਡਾ ਗੁਰਦਵਾਰਿਆਂ ਵਿਚ ਬਿਲਕੁਲ ਬੰਦ ਹੋਣਾ ਚਾਹੀਦਾ **ਹੈ**। ਗੁਰਦਵਾਰੇ ਦੇ ਪ੍ਰਬੰਧਕਾਂ ਦਾ ਕੰਮ ਹੈ ਕਿ ਉਹ ਵਧ ਤੋਂ ਵਧ ਸਿਖੀ ਜਜ਼ਬੇ ਵਾਲੇ ਪੂਰਨ ਗੁਰਸਿਖ ਬਣ **ਦੀ** ਜਾਣ ਫ਼ੇਰ ਕਿਸ ਗੁਰਸਿਖ ਨੂੰ ਇਹ ਦੱਸਣ ਦੀ ਲੋੜ ਨਹੀਂ ਕਿ ਤੂੰ ਕਿਸਨੂੰ ਵੋਟ ਦੇਣਾ ਹੈ ਖਾਸ ਤੌਰ ਤੇ ਕੁਝ ਵਕਤ ਵਾਸਤੇ ਗੁਰਦਵਾਰਿਆਂ ਵਿਚ ਚੋਣ ਪ੍ਰਾਪੇਗੰਡਾ ਬੰਦ ਕਰਨ ਦੀ ਲੋੜ ਹੈ।

## ਧਰਮ ਪ੍ਰਚਾਰ

(15) ਆਮ ਸਿਖ ਸੰਗਤਾਂ ਵਿਚ ਪ੍ਰਚਾਰ ਲਈ ਉਚੇਚੇ ਸਾਧਨ ਵਰਤੇ ਜਾਣੇ ਚਾਹੀਦੇ ਹਨ। ਪ੍ਰਚਾਰਕ ਜਥੇਬੰਦੀ ਵਲੋਂ ਵਡੀ ਰਕਮ ਖਰਚ ਕਰਕੇ ਕਵੀ ਅਤੇ ਢਾਢੀ ਸੱਜਣਾਂ ਪਾਸੋਂ ਮੁਕਾਬਲੇ ਦੀਆਂ ਕਵਿਤਾਵਾਂ, ਵਾਰਾਂ ਅਤੇ ਢੱਡ-ਸਾਰੰਗੀ ਦੀਆਂ ਧਾਰਨਾਂ ਜਿਹਾ ਕਿ ਆਮ ਲੋਕ ਪ੍ਰਿਯ ਧਾਰਨਾ ਢੋਲੇ, ਵਾਰ ਪੌੜੀ, ਆਦਿ ਹੇਠ ਲਿਖੇ ਮਜ਼ਮੂਨਾਂ ਉਤੇ ਖਾਸ ਜਜ਼ਬਾਤੀ ਅਤੇ ਸਿਖ ਹਿਰਦੇ ਨੂੰ ਟੁੰਬਣ ਦਾ ਅਸਰ ਰੱਖਣ ਵਾਲੀਆਂ ਤਿਆਰ ਕਰ-ਵਾਈਆਂ ਜਾਣੀਆਂ ਚਾਹੀਦੀਆਂ ਹਨ ਜਿਹਾ ਕਿ ਭੁਲੜ ਨੌਜਵਾਨ ਨੂੰ ਆਪਣੇ ਮਾਤਾ ਪਿਤਾ ਵਡੇ ਭਰਾ, ਭੈਣ, ਦੋਸਤ ਅਤੇ ਦਸਮ ਪਾਤਸ਼ਾਹ ਵਲੋਂ ਮਿਠੀ 2 ਪ੍ਰੇਰਣਾ ਤੇ ਕੁਝ ਤਾੜਨਾ ਵੀ ਹੋਵੇ ਕਿ ਐ ਨੌਜਵਾਨਾ ! ਤੇਰੇ ਉਤੇ ਤਾਂ ਮੈਨੂੰ ਬੜਾ ਮਾਣ ਸੀ। ਮੈਂ ਤੈਨੂੰ ਨੌਜਵਾਨ ਤੇ ਵੱਡਾ ਹੁੰਦਾ ਬੜੀਆਂ ਸੱਧਰਾਂ ਨਾਲ ਵੇਖਿਆ ਕਿ ਤੂ ਕਦੋਂ ਵੱਡਾ ਹੋਕੇ ਸਿਖ ਪੰਥ ਤੇ ਸਿਖੀ ਭਾਈਚਾਰ ਦਾ ਨਾਉਂ ਰੋਸ਼ਨ



www.AKJ.Org

ਕਰੇਂਗਾ ਅਤੇ ਆਪਣੇ ਉਚੇ ਸਿਖੀ ਜੀਵਨ ਨਾਲ ਸੁਹਣੀ ਰਹਿਤ ਮਰਯਾਦਾ ਨਾਲ ਸਿਖੀ ਸ਼ਾਨ ਨੂੰ ਚਾਰ ਚੰਨ ਲਾਵੇਂਗਾ ਪਰ ਮੈਨੂੰ ਤੇਰੀਆਂ ਕਮਜ਼ੋਰੀਆਂ ਵੇਖਕੇ ਬੜੀ ਮਾਯੂਸੀ ਤੇ ਦੁਖ ਹੋ ਰਿਹਾ ਹੈ ਕਿ ਤੂੰ ਕਿਸ ਭੁਲੇਖੇ ਵਿਚ ਪੈ ਗਿਆ ਹੈਂ ਤੈਨੂੰ ਕਿਥੋਂ ਨਜ਼ਰ ਲਗ ਗਈ ਕਿ ਤੂੰ ਆਪਣੇ ਬਜ਼ੁਰਗਾਂ ਤੇ ਸ਼ਹੀਦਾਂ ਦੇ ਕਾਰਨਾਮੇ ਭੁੱਲ ਗਿਆ। ਇਨ੍ਹਾਂ ਮਿੱਠੇ 2 ਮਿਹਾਣਿਆਂ ਤੇ ਟਕੋਰਾਂ ਦੇ ਅਸਰ ਹਠ ਨੌਜ-ਵਾਨ ਪਸਚਾਤਾਪ ਕਰੇ ਅਤੇ ਆਖੇ ਕਿ ਮੈਨੂੰ ਤਾਂ ਪਤਾ ਨਹੀਂ ਸੀ ਕਿ ਸਿਖੀ ਏਨੀ ਉਚੀ ਤੇ ਸੁੱਚੀ ਚੀਜ਼ ਹੈ । ਹੁਣ ਮੈਂ ਪ੍ਰਣ ਕਰਦਾ ਹਾਂ ਕਿ ਮੈਂ ਸਿਖੀ ਜੀਵਨ ਨਾਲ, ਲੋਕ ਸੇਵਾ ਨਾਲ ਅਤੇ ਕੁਰਬਾਨੀ ਨਾਲ ਰੋਸ਼ਨ ਕਰਾਂਗਾ। ਇਨ੍ਹਾਂ ਕਵਿਤਾਵਾਂ ਨੂੰ ਅਦਾ ਕਰਨਾ, ਸਗੀਤ ਰਾਹੀਂ ਸਾਜ਼ਾਂ ਨਾਲ, ਇਕੱਲੇ 2 ਜਾਂ ਗਰੂਪ ਦੀ ਸ਼ਕਲ ਵਿਚ ਬਿਆਨ ਕਰਨ ਦਾ ਵੀ ਮੁਕਾਬਲਾ ਹੋਵੇ। ਇਨਾਮ ਵੀ ਦਿਤੇ ਜਾਣ ਅਤੇ ਜੋ ਚੋਟੀ ਦਾ ਮਸਾਲਾ ਏਸ ਤਰ੍ਹਾਂ ਇਕੱਤਰ ਹੋਵੇ ਉਸਨੂੰ ਸੰਭਾਲ ਕੇ ਫੇਰ ਇਸ ਪ੍ਰੋਗਰਾਮ ਦੀ ਪੂਰਤੀ ਲਈ ਲੋਕਾਂ ਵਿਚ ਸਿਖੀ ਭਾਵਨਾ ਸੁਰਜੀਤ ਕਰਨ ਲਈ ਟੇਪ ਰਿਕਾਰਡ ਰਾਹੀਂ ਜਾਂ ਗ੍ਰਾਮੋਫੋਨ ਰਿਕਾਰਡਾਂ ਰਾਹੀਂ ਵਰਤਿਆ ਜਾਵੇ।

(15) ਪ੍ਰਚਾਰਕ ਜਥੇਬੰਦੀ ਵਲੋਂ ਪਹਿਲਾਂ ਵਡੇ ਵਡੇ ਧਾਰਮਕ ਮੇਲਿਆਂ ਤੇ ਜਾਂ ਲੋਕਲ ਇਲਾਕੇ ਦੇ ਮੇਲਿਆਂ ਤੇ ਦੀਵਾਨ ਸਜਾਏ ਜਾਣ ਜਿਥੇ ਇਕ ਵਧੀਆ ਢਾਡੀ ਜਥੇ ਰਾਹੀਂ ਉਪ੍ਰੋਕਤ ਵਾਰਾਂ ਸੁਣਾਈਆਂ ਜਾਣ। ਇਕ ਰਾਗੀ ਜੱਥਾ ਜੋ ਪ੍ਰੇਰਨਾ ਭਰਪੂਰ ਮਿੱਠਾ ਇਲਾਹੀ ਬਾਣੀ ਦਾ ਨਿਰੋਲ ਕੀਰਤਨ ਕਰੇ ਇਕ ਢੋਲਕ ਛੈਣੇ ਤੇ ਚਿਮਟੇ ਵਾਲਾ ਜਥਾ, ਜੋ ਉਪ੍ਰੋਕਤ ਮਜ਼ਮੂਨਾਂ ਦੀਆਂ ਕਵਿਤਾਵਾਂ ਸੁਨਾਉਣ। ਨਾਲ ਸ਼ਹੀਦੀ ਸਾਕਿਆਂ ਦੀਆਂ ਤੇ ਹੋਰ ਸਿਖ ਇਤਿਹਾਸ ਦੀਆਂ ਫਿਲਮਾਂ ਅਤੇ ਸਲਾਈਡਾਂ ਵਿਖਾਈਆਂ ਜਾਨ।

(16) ਇਕ ਉਸ ਇਲਾਕੇ ਦੇ ਮਹਾਂਪੁਰਸ਼ ਜਿਨ੍ਹਾਂ ਦਾ ਇਲਾਕੇ ਦੀ ਸੰਗਤ ਵਿਚ ਸਤਿਕਾਰ ਹੋਵੇ ਉਹ ਵੀ ਨਾਲ ਹੋਣ—ਦੀਵਾਨ ਤਿੰਨ ਦਿਨ ਦਾ ਹੋਵੇ। ਅੰਮ੍ਰਿਤ ਪ੍ਰਚਾਰ ਚੜ੍ਹਦੀ ਕਲਾ ਵਿਚ ਹੋਕੇ ਅਖੀਰਲੇ ਭਰੇ ਸਮਾਗਮ ਵਿਚ ਜਦ ਅੰਮ੍ਰਿਤਧਾਰੀ ਸਿੰਘ ਸਿੰਘਣੀਆਂ, ਬੱਚੇ ਬੱਚੀਆਂ ਜ਼ਲੂਸ ਦੀ ਸ਼ਕਲ ਵਿਚ ਆਉਣ ਤਾਂ ਬੜੀ ਸਜ ਧਜ ਬੈਂਡ ਬਾਜੇ ਫੁੱਲਾਂ ਦੇ ਹਾਰਾਂ ਤੇ ਫੁਲਾਂ ਦੀ ਵਰਖਾ ਨਾਲ ਸੰਗਤ ਵਿਚ ਆਉਣ। ਉਸੇ ਦਿਵਾਨ ਵਿਚ ਸਿੰਘ ਖੜੇ ਹੋ ਕੇ ਆਪਣੀਆਂ ਭੁਲਾਂ ਬਖਸ਼ਾਣ ਅਤ ਅਗੋਂ ਕੁਰਹਿਤਾਂ ਅਤੇ ਕਮਜ਼ੋਰੀਆਂ ਦੇ ਤਿਆਗ ਦੇ ਪ੍ਰਣ ਲੈਣ।

ਇਤਿਹਾਸਕ ਮੇਲਿਆਂ ਤੋਂ ਇਲਾਵਾ ਹਰ ਇਕ ਵੱਡੇ ਸ਼ਹਿਰ ਵਿਚ ਇਹ ਤਿੰਨ ਤਿੰਨ ਦਿਨਾਂ ਦਾ ਪ੍ਰਚਾਰ ਸਮਾਗਮ ਹੋਵੇ ਤੇ ਅੰਮ੍ਰਿਤ ਪ੍ਰਚਾਰ ਨਾਲ ਸਮਾਪਤ ਹੋਵੇ।

## ਫੰਡ

(17) ਹਰ ਇਕ ਸਿਖ ਨੂੰ ਅਪੀਲ ਕੀਤੀ ਜਾਵੇ ਕਿ ਉਹ ਆਪਣੇ ਦਸਵੰਧ ਦਾ ਦਸਵਾਂ ਹਿੱਸਾ ਏਸ ਫੰਡ ਵਿਚ ਪਾਵੇ ਭਾਵ ਜਿਸਦੀ



www.AKJ.Org

ਆਮਦਨ 100/—ਰੁ: ਮਹੀਨਾ ਹੈ ਉਹ 1/—ਰੁ: ਮਹੀਨਾ ਏਸ ਫੰਡ ਦੇ ਅਰਪਣ ਕਰੇ । ਸ਼ਰੋਮਣੀ ਕਮੇਟੀ, ਚੀਫ ਖਾਲਸਾ ਦੀਵਾਨ, ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ. ਅਤੇ ਗੁਰੂ ਨਾਨਕ ਫਾਊਂਡੇਸ਼ਨ ਅਥਵਾ ਹੋਰ ਗੁਰਦਵਾਰਾ ਕਮੇਟੀਆਂ ਜਿਹਾ ਕਿ ਦਿੱਲੀ ਆਦਿ ਉਹ ਵੀ ਜੋ ਸਹਾਇਤਾ ਦੇਣ ਉਸ ਲਈ ਯਤਨ ਕੀਤਾ ਜਾਵੇ ।

(18) ਸ਼ਰੋਮਣੀ ਕਮੇਟੀ ਪਾਸ ਬਨਤੀ ਕੀਤੀ ਜਾਵੇ ਕਿ ਇਤਿਹਾਸਕ ਮੇਲਿਆਂ ਤੇ ਆਪਣੀ ਸਟੇਜ ਅਤੇ ਪੰਡਾਲ ਏਸ ਪਰੋਗਰਾਮ ਵਾਸਤੇ ਵਰਤਣ ਦੀ ਆਗਿਆ ਦੇਣ । ਸਿਖ ਅਖਬਾਰਾਂ ਤੇ ਰਸਾਲਿਆਂ ਨੂੰ ਬੇਨਤੀ ਕੀਤੀ ਜਾਵੇ ਕਿ ਇਸ ਜਥਬੰਦੀ ਦੇ ਪਰੋਗਰਾਮ ਦੇ ਪ੍ਰਚਾਰ ਲਈ ਖੁਲ੍ਹੀ ਅਤੇ ਮੁਫਤ ਜਗ੍ਹਾ ਆਪਣੇ ਆਪਣੇ ਅਖਬਾਰ ਅਥਵਾ ਰਸਾਲੇ ਵਿਚ ਦੇਣ । ਹਰ ਇਕ ਕਾਲਜ ਅਤੇ ਸਕੂਲ ਵਿਚ ਵੀ ਉਪਰੋਕਤ ਤਰ੍ਹਾਂ ਦਾ ਕਵੀ ਦਰਬਾਰ, ਢਾਡੀ ਦਰਬਾਰ ਅਤੇ ਸੰਗੀਤ ਅਥਵਾ ਕੀਰਤਨ ਦਰਬਾਰ ਕੀਤਾ ਜਾਵੇ ਖਾਸ ਖਾਸ ਸ਼ਹੀਦੀ ਸਾਕਿਆਂ ਦੀਆਂ ਫਿਲਮਾਂ ਅਤੇ ਸਲਾਈਡਾਂ ਆਦਿ ਤਿਆਰ ਕਰਵਾਕੇ ਦੀਵਾਨ ਸਮਾਗਮਾਂ ਉਤੇ ਅਸਰ-ਦਾਰ ਢੁਕਵੀਂ ਕਮੈਂਟਰੀ ਨਾਲ ਪਸ਼ ਕੀਤੀਆਂ ਜਾਣ ।

(19) ਉਪਰੋਕਤ ਕਵਿਤਾ ਸੰਗੀਤ, ਢਾਢੀ ਦਰਬਾਰਾਂ ਆਦਿ ਦੇ ਰੀਕਾਰਡ ਤਿਆਰ ਕਰਵਾਕੇ ਖਾਸ ਖਾਸ ਜਗ੍ਹਾ ਸੰਗਤ ਨੂੰ ਸੁਣਾ ਕੇ ਏਸ ਪ੍ਰਚਾਰ ਵਿਚ ਸ਼ਾਮਲ ਹੋਣ ਦੀ ਪ੍ਰਰਨਾ ਕੀਤੀ ਜਾਵੇ ।

20) ਜਿਥੋਂ ਤਕ ਹੋ ਸਕੇ ਪ੍ਰੇਮ ਭਾਵ ਨਾਲ ਸਿਖ ਸਮਾਜ ਵਿਚ ਨੌਜਵਾਨਾਂ ਨੂੰ ਦਾਹੜੇ ਖੁਲੇ ਰਖਣ ਦੀ ਪ੍ਰੇਰਨਾ ਕੀਤੀ ਜਾਵੇ । ਇਹ ਸਪਸ਼ਟ ਹੈ ਕਿ ਦਾਹੜੀ ਟ੍ਰਿਮਿੰਗ ਦੀ ਬੀਮਾਰੀ ਦਾੜ੍ਹੀ ਬਨ੍ਹਣ ਤੇ ਫਿਕਸੋ ਲਾਣ ਨਾਲ ਪੋਚਾਪਾਚੀ ਕਰਨ ਤੋਂ ਹੀ ਆਰੰਭ ਹੋਈ ਹੈ । ਅਜ ਕਲ੍ਹ ਨੌਜਵਾਨ ਦਾੜ੍ਹੀ ਏਸ ਤਰ੍ਹਾਂ ਟ੍ਰਿਮ ਕਰਦੇ ਹਨ ਕਿ ਦੂਰੋਂ ਫਿਕਸੋ ਨਾਲ ਬੰਨ੍ਹੀ ਹੋਈ ਜਾਪਦੀ ਹੋਵੇ ।

—


www.AKJ.Org

?ਇਸ਼ਤਹਾਰ?

# ਕਿਥੋ ਕੀ ਮਿਲਦਾ ਹੈ ?

| ਨੰ: | ਵਸਤ | ਮਿਲਣ ਦਾ ਪਤਾ |
|---|---|---|
| 1: | (ੳ) ਭਾਈ ਸਾਹਿਬ ਭਾਈ ਰਣਧੀਰ ਜੀ ਰਚਿਤ ਪੁਸਤਕਾਂ (ਅ) ਜੇਲ੍ਹ ਚਿਠੀਆ ਦਾ ਅੰਗਰਜੀ ਤਰਜਮਾ। | ਭਾਈ ਸਾਹਿਬ ਭਾਈ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ, 126 ਮਾਡਲ ਟਾਉਨ, ਲੁਧਿਆਣਾ |
| 2, | ਹਰ ਕਿਸਮ ਦੀਆਂ ਧਾਰਮਕ ਪੁਸਤਕਾਂ | (ੳ) ਸਿੰਘ ਬਰਾਦਰਜ਼, ਬਜਾਰ ਮਾਈ ਸੇਵਾਂ ਅੰਮ੍ਰਿਤਸਰ। (ਅ) ਖਾਲਸਾ ਬਰਾਦਰਜ਼, ਬਜ਼ਾਰ ਮਾਈ ਸੇਵਾ ਅੰਮ੍ਰਿਤਸਰ। |
| 3, | ਕਿਰਪਾਨਾਂ (ਭਿੰਡਰਾ ਦੇ ਨਮੂਨੇ ਵਾਲੀਆਂ) | (ੳ) ਭਾ: ਇੰਦਰਜੀਤ ਸਿੰਘ ਜੀ, ਕਿਰਪਾਨਾਂ ਵਾਲੇ, 2 ਅਜੀਤ ਨਗਰ, ਅੰਮ੍ਰਿਤਸਰ। (ਅ) ਭਾ: ਇੰਦਰ ਸਿੰਘ ਜੀ ਕਿਰਪਾਨਾਂ ਵਾਲੇ ਪਿੰਡ ਤੇ ਡਾਕਖਾਨਾ ਰਤੋਵਾਲ ਜ਼ਿਲਾ ਲੁਧਿਆਣਾ। |
| 4. | ਖੰਡੇ (ਦਸਤਾਰ ਤੇ ਸਜਾਉਣ ਵਾਲੇ), ਸਿਮਰਨੇ ਤੇ ਜੋੜਿਆਂ ਦੇ ਨੰਬਰ। | ਭਾ: ਕਿਰਪਾਲ ਸਿੰਘ, ਖਾਲਸਾ ਨਿਸ਼ਾਨ ਮੇਕਰਜ਼, 90 ਲਾਲ ਕੁਆਰਟਰ, ਅਜਾਦ ਨਗਰ ਮਾਰਕਿਟ, ਲੁਧਿਆਣਾ। |
| 5. | ਸਰਬ ਲੋਹ ਦੇ ਭਾਂਡੇ | ਮਿਸਤਰੀ ਉਜਾਗਰ ਸਿੰਘ, ਮੁਹਲਾ ਲੁਹਾਰਾਂ ਪਿੰਡ ਤੇ ਡਾਕਖਾਨਾ ਘੜੂਆਂ, ਤਸੀਲ ਖਰੜ, ਜ਼ਿਲਾ ਰੋਪੜ। |

# ਜੇਲ੍ਹ ਚਿਠਿਆਂ ਦਾ ਅੰਗਰੇਜ਼ੀ ਤਰਜਮਾ ਛਪ ਕੇ ਤਿਆਰ ਹੋ ਗਿਆ

**Autobiograph of**
BHAI SAHIB BHAI RANDHIR SINGH
**Translated with introductory Thesis by Dr. Trilochan Singh**

(੧) ਇਸ ਵਿਚ ਸਾਰਾ ਜੀਵਨ ਸਿਲਸਲੇਵਾਰ ਦਿਤਾ ਹੈ। (੨) ਜੇਲ੍ਹ ਚਿਠੀਆਂ ਦਾ ਮੁਕਮਲ ਤਰਜਮਾ ਹੈ। (੩) ਜੇਲ੍ਹ ਜਾਣ ਤੋਂ ਪਹਿਲਾਂ ਦੇ ਹਾਲਾਤ ੭੦ ਸਫੇ ਦੀ ਭੂਮਕਾ ਵਿਚ ਦਿਤੇ ਹਨ। (੪) ਭਾਈ ਸਾਹਿਬ ਭਾਈ ਰੰਣਧੀਰ ਸਿੰਘ ਨੇ ਰਕਾਬ ਸਾਹਿਬ ਦਿੱਲੀ ਦਾ ਗੁਰਦੁਆਰਾ ਢਹਿਣੋ ਕਿਵੇਂ ਬਚਾਇਆ ਤੇ ਕਿਵੇਂ ਗਦਰ ਲਹਿਰ ਦੀ ਆਜ਼ਾਦੀ ਦੇ ਮੋਢੀ ਬਣੇ, ਕਿਵੇਂ ਮੁਕੱਦਮਾ ਚਲਿਆ ਕੀ ਫੈਸਲਾ ਹੋਇਆ। ਇਸ ਉਤੇ ਬੜੇ ਖੋਜ ਭਰੇ ਹਾਲਾਤ ਪਹਿਲੀ ਵਾਰ ਇਸ ਪੁਸਤਕ ਵਿਚ ਪਰਗਟ ਕੀਤੇ ਗਏ ਹਨ। ਛਪਾਈ ਜਿਲਦ ਤੇ ਜੈਕਟ ਬਹੁਤ ਸੁੰਦਰ। ਕੀਮਤ ਫੀ ਕਿਤਾਬ ੨੦)

ਪੰਜ ਜਾਂ ਪੰਜ ਤੋਂ ਵਧ ਪੁਸਤਕਾਂ ਖਰੀਦਣ ਵਾਲੇ ਨੂੰ ੨੫ ਪ੍ਰਤੀਸ਼ਤ ਡਿਸਕਾਊਂਟ।

ਮਿਲਣ ਦਾ ਪਤਾ :-

ਬਲਬੀਰ ਸਿੰਘ ਸਕੱਤਰ

**ਭਾਈ ਸਾਹਿਬ ਭਾਈ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ**

੧੨੬. ਮਾਡਲ ਟਾਊਨ; ਲੁਧਿਆਣਾ।




www.AKJ.Org

# Statement about Sura

Statement about ownership and other particulars about SURA as required by Rule 8 of the Registration of News papers(Central) Rules 1956 :-

1. Place of Publication — 305-L, Model Town, Jullundur.
2. Periodicity of Publication — Monthly.
3. Name of the Printer publisher and editor — Daljeet Singh.
4. Nationality — Indian
5. Address — 305-L, Model Town, Jullundur.
6. The Sura is conducted and owned by the Sarab Hind Akhand Kirtni Jatha, a religious institution. The name and address of the Jathedar is Babu Mall Singh Ji, Palasore Road, Taran Taran Distt. Amritsar.

I, Daljit Singh hereby declare that particulars given above are true to the best of my knowledge and belief.

Daljeet Singh
Printer Publisher & Editor

Dated 25—3—1972

---

ੴ ਵਾਹਿਗੁਰੂ ਜੀ ਕੀ ਫਤਹਿ ॥

## ਪੰਜਾਂ ਪਿਆਰਿਆਂ ਦਾ ਹੁਕਮ

ਵੈਸਾਖੀ ਦੇ ਸਮਾਗਮ ਤੇ ਪੰਜਾਂ ਪਿਆਰਿਆਂ ਨੇ ਇਹ ਗੁਰਮਤਾ ਪਾਸ ਕੀਤਾ ਹੈ ਕਿ ਕੋਈ ਸਿੰਘ ਕੀਰਤਨ ਸਮੇਂ ਪੋਥੀਆਂ ਹੇਠਾਂ ਜਾਂ ਪਿਛੇ ਬੈਠ ਕੇ ਨਾ ਖੋਲੇ। ਪੋਥੀਆਂ ਘਰ ਸਤਿਕਾਰ ਨਾਲ ਰੁਮਾਲਿਆਂ ਵਿਚ ਰਖੀਆਂ ਜਾਨ। ਖੋਲਨ ਸਮੇਂ ਭੀ ਰੁਮਾਲਾ ਨਾਲ ਹੋਵੇ। ਪੋਥੀਆਂ ਯਾਦ ਕਰਨ ਵਾਸਤੇ ਘਰ ਰਖੀਆਂ ਜਾਨ। ਸਮਾਗਮ ਤੇ ਜੇ ਕਿਸੇ ਨੇ ਨਾਲ ਲਿਔਣੀਆਂ ਹਨ ਤੇ ਸਤਿਕਾਰ ਸਤਿਕਾਰ ਸਹਿਤ ਅਡ ਝੋਲੇ ਵਿਚ ਹੋਣ ਤੇ ਸਿਰਰ ਕੀਰਤਨ ਸਮੇ ਵਾਜੇ ਦੇ ਕੋਲ ਰੇਹਲ ਤੇ ਪ੍ਰਕਾਸ ਕੀਤੀਆਂ ਜਾਨ। ਪੋਥੀ ਪ੍ਰਮੇਸ਼ਰ ਦਾ ਥਾਨ ਹੈ। ਕੀਰਤਨਏ ਸਿੰਘਾਂ ਨੂੰ ਚਾਹੀਦਾ ਹੈ ਸਬਦ ਜਬਾਨੀ ਕੰਠ ਕਰਕੇ ਸੁਨਾਇਆ ਕਰਨ। ਗੁਰੂ ਘਰ ਦੀ ਪਹਿਲਾਂ ਤੋਂ ਮਰਯਾਦਾ ਜਬਾਨੀ ਕੀਰਤਨ ਕਰਨ ਦੀ ਹੈ। ਜਿਤਨਾ ਚਿਰ ਕੰਮ ਨਹੀਂ ਕਰ ਸਕਦੇ ਉਤਨਾ ਚਿਰ ਪੋਥੀ ਦਾ ਆਸਰਾ ਰਸਨ।



www.AKJ.Org

ਇਕ ਗੁਰਮੁਖ ਘਰਾਣੇ ਦੀ ਪੜੀ ਲਿਖੀ ਬੀਬੀ ਦੀ ਲੋੜ

ਲੜਕੇ ਦੀ ਉਮਰ 25 ਸਾਲ ਦੀ ਹੈ। ਤਨਖਾਹ 400 ਰੁਪਏ ਹੈ। ਲੜਕੇ ਦਾ ਕਦ 5 ਫੁਟ 5 ਇੰਚ ਲੰਬਾ ਹੈ। ਲੜਕੇ ਦੀ ਆਪਣੀ ਕੋਠੀ ਹੈ।

# !! ਖੁਸ਼ਖਬਰੀ!!

## ਦਸਮ ਗੁਰਬਾਣੀ ਸਟੀਕ ਛਪ ਗਿਆ ਜਿਸ ਵਿਚ :-

੧: ਜਾਪੁ ਸਾਹਿਬ
੨: ਸੁਧਾ ਸਵੈਯੈ
੩. ਬੇਨਤੀ ਚੌਪਈ
੪, ਅਕਾਲ ਉਸਤਤਿ
੫, ਗਿਆਨ ਪ੍ਰਬੋਧ
੬. ਤੇਤੀ ਸਵੈਯੇ
੭. ਹਜ਼ਾਰੇ ਸ਼ਬਦ

ਬਾਣੀਆਂ ਦਾ ਟੀਕਾ ਗੁਰਮਤਿ ਅਨੁਸਾਰ ਕੀਤਾ ਗਿਆ ਹੈ।

**ਪੁਸਤਕ ਪੰਨੇ** ੪੨੧

**ਟੀਕਾਕਾਰ** : ਬਾਬੂ ਹੀਰਾ ਸਿੰਘ ਏ, ਈ. (ਰਿਟਾਇਰਡ) ਸਾਇਜ਼ 5" × 7½"

**ਭੇਟਾ** : ਦਸਮ ਗੁਰਬਾਣੀ ਦੇ ਪ੍ਰਚਾਰ ਹਿਤ ਕੇਵਲ ੨॥) ਰੁਪਏ (ਢਾਈ ਰੁਪਏ) ਜੇ ਕਰ ਡਾਕ ਰਾਹੀਂ ਮੰਗਵਾਉਣੀ ਹੋਵੇ ਤਾਂ ਡਾਕ ਖਰਚ ਵਖਰਾ।

ਮਿਲਣ ਦਾ ਪਤਾ :-

ਕਿਰਪਾਲ ਸਿੰਘ ਖਾਲਸਾ,
ਰਾਹੀਂ - **ਰਿਐਤ ਮਸ਼ੀਨ ਟੂਲਜ਼, ਜੀ. ਟੀ. ਰੋਡ,**
ਮਿਲਰ—ਗੰਜ, ਲੁਧਿਆਣਾ ੩।



www.AKJ.Org

# ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ
# ਕੁਮਾਰ ਹੱਟੀ ਤੇ ਸ਼ਿਮਲੇ ਵਿਖੇ

ਅਗੇ ਦੀ ਤਰ੍ਹਾਂ ਐਤਕੀਂ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸ਼ਹੀਦੀ ਗੁਰਪੁਰਬ ਕੁਮਾਰ ਹੱਟੀ ਤੇ ਸ਼ਿਮਲੇ ਵਿਖੇ ਮਨਾਉਣਾ ਨੀਯਤ ਹੋਇਆ ਹੈ। ਪ੍ਰੋਗਰਾਮ ਦਾ ਵੇਰਵਾ ਇਹ ਪ੍ਰਕਾਰ ਹੈ :--

## ਪ੍ਰੋਗਰਾਮ ਅਖੰਡ ਕੀਰਤਨ ਸ਼ਹੀਦੀ ਗੁਰਪੁਰਬ

## ਕੁਮਾਰ ਹੱਟੀ

| ਤਰੀਕ | ਟਾਈਮ | ਵੇਰਵਾ | ਅਸਥਾਨ |
|---|---|---|---|
| ੧੩-੬-੭੨ | ਸਵੇਰੇ ੫ ਤੋਂ ੮ | ਕੀਰਤਨ ਸ੍ਰੀ ਆਸਾ ਜੀ ਦੀ ਵਾਰ ਉਪਰੰਤ ਅਰੰਭ ਸ੍ਰੀ ਅਖੰਡ ਪਾਠ। | ਗੁਰਦਵਾਰਾ ਤਪੋਬਨ |
| | ਸ਼ਾਮ ੬ ਤੋਂ ੯ | ਕੀਰਤਨ ...... ...... | " " |
| -੬-੭੨ | ਸਵੇਰੇ ੬ ਤੋਂ ੧੧ | ਕੀਰਤਨ ...... ...... | ਗੁਰਦਵਾਰਾ ਸਿੰਘ ਸਭਾ (ਡਗਸ਼ਈ) |
| | ਸ਼ਾਮ ੬ ਤੋਂ ੯ | ਕੀਰਤਨ ...... ...... | ਗੁਰਦਵਾਰਾ ਤਪੋ ਬਨ |
| -੭੨ | ਸਵੇਰੇ | ਸਮਾਪਤੀ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕੀਰਤਨ | ਗੁਰਦਵਾਰਾ ਤਪੋ ਬਨ |
| | ਸ਼ਾਮ ੮ ਵਜੇ | ਅਰੰਭ ਕੀਰਤਨ ਰੈਣ ਸਬਾਈ | ਗੁਰਦਵਾਰਾ ਤਪੋ ਬਨ |
| -੬-੭੨ | ਸਵੇਰੇ | ਸਮਾਪਤੀ ਕੀਰਤਨ ਰੈਣ ਸਬਾਈ | ਗੁਰਦਵਾਰਾ ਤਪੋ ਬਨ |

## ਸ਼ਿਮਲਾ

| ਤਰੀਕ | ਟਾਈਮ | ਵੇਰਵਾ | ਅਸਥਾਨ |
|---|---|---|---|
| -੭੨ | ਸਵੇਰੇ ੪ ਤੋਂ ੭ | ਕੀਰਤਨ ਉਪਰੰਤ ਅਰੰਭ ਸ੍ਰੀ ਅਖੰਡ ਪਾਠ ਸਾਹਿਬ | ਖਾਲਸਾ ਨਿਵਾਸ ਸ਼ਿਮਲਾ |
| -੭੨ | ਸ਼ਾਮ ੮ ਤੋਂ ੧੦ | ਕੀਰਤਨ | ਗੁਰਦਵਾਰਾ ਸਾਹਿਬ |
| ੬-੭੨ | ਸਵਰੇ ੫ ਵਜੇ | ਸਮਾਪਤੀ ਸ੍ਰੀ ਅਖੰਡ ਪਾਠ ਸਾਹਿਬ | ਸ੍ਰੀ ਗੁਰੂ ਸਿੰਘਸਭਾ ਸ਼ਿਮਲਾ |
| | | ਉਪਰੰਤ ਅਖੰਡ ਕੀਰਤਨ ਦੁਪਹਿਰਤਕ | ਖਾਲਸਾ ਨਿਵਾਸ ਸ਼ਿਮਲਾ |
| | ਸ਼ਾਮ ੮ ਵਜੇ | ਕੀਰਤਨ ਰੈਣ ਸਬਾਈ ਅਰੰਭ | ਖਾਲਸਾ ਨਿਵਾਸ ਸ਼ਿਮਲਾ |
| -੬-੭੨ | ਸਵੇਰੇ ੭ ਤੋਂ ੧੦ | ਕੀਰਤਨ ਸ੍ਰੀ ਆਸਾ ਜੀ ਦੀ ਵਾਰ | ਗੁਰਦਵਾਰਾ ਸਾਹਿਬ ਸੰਜੋਲੀ |

ਅਖੰਡ ਕੀਰਤਨੀ ਜਥਾ
ਸ਼ਿਮਲਾ ਤੇ ਕੁਮਾਰ ਹੱਟੀ।

ਪੁਛ ਗਿਛ ਲਈ
1. ਭਾਈ ਇੰਦਰ ਸਿੰਘ ਜੀ ਖਾਲਸਾ ਬੂਟ ਹਾਊਸ ਸ਼ਿਮਲਾ।
2. ਭਾਈ ਬਾਵਾ ਸਿੰਘ ਗੁਰਦਵਾਰਾ ਤਪੋ ਬਨ ਕੁਮਾਰ ਹੱਟੀ।



www.AKJ.Org

SURA Regd. No P 68 JULLUNDUR

ਵਿਦਿਆ ਵਿਭਾਗ ਪੰਜਾਬ ਵਲੋਂ "ਸੂਰਾ" ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ ਚਿੱਠੀ ਨੰ: 3070-68-4 (ਅ:ਪ) 17.10.68 ਨੂੰ ਪ੍ਰਵਾਨ ਕੀਤਾ ਗਿਆ ।

## ਗੁਰਪੁਰਬ ਤੇ ਸੰਗਰਾਂਦ

ਪੋ: ੬ ਗੁਰਿਆਈ ਮਿਤੀ ... ੫ ਜ

ਸੰਗਰਾਂਦ ... ੧੬ [illegible]

ਪੋ: ੫ ਜੋਤੀ ਜੋਤ ਸਮਾਏ ... ੧੫ [illegible]

ਪੋ: ੬ ਅਵਤਾਰ ਧਾਰਿਆ ... ੨੨ [illegible]

www.AKJ.org